Postal No.-- G/CHD/0111/2018-2020

Regd No. 32212/78

# ਲੁਬਾਣਾ ਸੇਵਕ

ਮਾਰਚ 2018 ਮਾਸਿਕ ਮੁੱਲ : 15/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਅਤੇ ਦੇਸ਼-ਵਿਦੇਸ਼ ਦੀ ਸਮੂਹ ਸੰਗਤ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਲਾਸਾਨੀ ਸ਼ਹਾਦਤ ਨੂੰ ਪ੍ਰਣਾਮ !





ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦਾ ਖ਼ੂਬਸੂਰਤ ਬਗੀਚਾ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਸ਼ਹੀਦੇ ਆਜ਼ਮ ਭਗਤ ਸਿੰਘ ਦੀ ਵਿਚਾਰਧਾਰਾ



23 ਮਾਰਚ 1931 ਦੇ ਦਿਨ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੇ ਮਨੁੱਖਤਾ ਦੀ ਖੁਸ਼ੀ-ਖੁਸ਼ਹਾਲੀ ਦੇ ਉਚੇਰੇ ਆਦਰਸ਼ਾਂ ਲਈ ਲਾਸਾਨੀ ਸ਼ਹਾਦਤ ਦਿੱਤੀ। ਇਹ ਸ਼ਹਾਦਤ ਵਿਚਾਰਧਾਰਾ ਤੋਂ ਪ੍ਰੇਰਿਤ ਸੀ। ਇਹਨਾਂ ਸ਼ਹੀਦਾਂ ਦੀ ਵਿਚਾਰਧਾਰਾ ਸਦਾ ਸਾਡੀ ਪ੍ਰੇਰਣਾਂ ਦਾ ਸਰੋਤ ਬਣੀ ਰਹੇਗੀ।

ਭਗਤ ਸਿੰਘ ਦੀਆਂ ਲਿਖਤਾਂ, ਅਮਲ ਦੇ ਅਧਿਅਨ ਤੋਂ ਸਪੱਸ਼ਟ ਹੈ ਕਿ ਉਸ ਦੀ ਵਿਚਾਰਧਾਰਾ ਇਨਕਲਾਬੀ ਸੀ। ਇਸ ਲਈ ਭਗਤ ਸਿੰਘ ਦੀ ਵਿਚਾਰਧਾਰਾ ਭਵਿੱਖੀ ਸਮਾਜ ਲਈ ਸਮਾਜਵਾਦੀ ਪ੍ਰਬੰਧ ਦੇ ਨਕਸ਼ ਉਲੀਕਦੀ ਹੈ। ਸਮਾਜਵਾਦ ਇੱਕ ਅਜਿਹੀ ਸੋਚ ਤੇ ਅਮਲ ਦੇ ਅਸੂਲਾਂ 'ਤੇ ਅਧਾਰਤ ਹੈ ਜਿਸ ਦੀ ਸ਼ੁਰੂਆਤ ਹਰ ਇੱਕ ਨੂੰ ਕੰਮ ਉਸ ਦੀ ਯੋਗਤਾ ਅਨੁਸਾਰ ਅਤੇ ਕੰਮ ਅਨੁਸਾਰ ਉਜ਼ਰਤ, ਸਮਾਜਕ ਵਿੱਦਿਆ, ਸਮਾਜਕ ਸਿਹਤ ਅਤੇ ਆਮ ਜਨਤਕ ਸੇਵਾਵਾਂ ਦੀ ਗਰੰਟੀ ਤੋਂ ਹੁੰਦੀ ਹੈ।

ਇਸ ਵਿਚਾਰਧਾਰਕ ਪਰਪੱਕਤਾ ਦੀ ਰੌਸ਼ਨੀ ਵਿੱਚੋਂ ਹੀ ਉਹ ਪੂਰਨ ਸਵੈ ਭਰੋਸੇ ਨਾਲ ਆਪਣੇ ਪਾਰਟੀ ਪ੍ਰੋਗਰਾਮ ਵਿੱਚ ਜ਼ਿਕਰ ਕਰਦਾ ਹੈ " ..... ਸਾਡੇ ਲੋਕਾਂ ਨਾਲ ਵਾਅਦੇ ਸਿਰਫ਼ ਸ਼ੋਰਬੇ ਅਤੇ ਅੱਧੀ ਰੋਟੀ ਦੇ ਨਹੀਂ ਹੋਣਗੇ। ਉਹ ਸੰਪੂਰਨ ਤੇ ਠੋਸ ਹੋਣਗੇ ਅਤੇ ਅਸੀਂ ਉਨ੍ਹਾਂ ਨਾਲ ਇਮਾਨਦਾਰ ਅਤੇ ਸਪੱਸ਼ਟ ਗੱਲ ਕਰਾਂਗੇ।....."

ਅੰਗਰੇਜ਼ ਸਾਮਰਾਜੀਆਂ ਨੇ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਫਾਂਸੀ ਦੀ ਸਜ਼ਾ ਸਿਰਫ਼ ਸੱਤਾ ਨੂੰ ਚੈਲੇਂਜ ਬਣਨ ਕਰ ਕੇ ਹੀ ਨਹੀਂ ਸੀ ਦਿੱਤੀ, ਬਲਕਿ ਪੂੰਜੀਪਤੀ ਵਿਵਸਥਾ ਨੂੰ ਚੈਲੇਂਜ ਬਣਨ ਕਰ ਕੇ ਸੁਣਾਈ ਸੀ। ਇਹ ਸਜ਼ਾ ਅੰਗਰੇਜ਼ ਸਾਮਰਾਜੀਆਂ ਦੀ ਅਦਾਲਤਾਂ ਦਾ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਕੋਲੋਂ ਦਲੀਲਾਂ ਵਿੱਚ ਹਾਰ ਜਾਣ ਦਾ ਨਤੀਜਾ ਸੀ। ਅੰਗਰੇਜ਼ ਸਾਮਰਾਜੀਏ ਭਾਰਤ ਵਿੱਚ ਕਿਰਤ ਦੀ ਧਿਰ ਨੂੰ ਅਗਵਾਈ ਤੋਂ ਨਿਹੱਥਾ ਕਰਨ ਵਿੱਚ ਵਕਤੀ ਤੌਰ 'ਤੇ ਕਾਮਯਾਬ ਰਹੇ।

ਭਗਤ ਸਿੰਘ, ਰਾਜਗੁਰੂ, ਸੁਖਦੇਵ ਤਿੰਨੇ ਇਨਕਲਾਬੀ ਪਾਰਟੀ 'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ' ਦੇ ਮੈਂਬਰ ਸਨ। ਪਾਰਟੀ ਦਾ ਇਹ ਨਾਮ ਸੁਖਦੇਵ ਦੇ ਸੁਝਾਅ ਉੱਤੇ ਰਿਪਬਲਿਕਨ ਐਸੋਸੀਏਸ਼ਨ ਦੇ ਨਾਂਅ ਤੋਂ ਬਦਲ ਕੇ ਰੱਖਿਆ ਗਿਆ ਸੀ। ਪਾਰਟੀ ਵਿੱਚ ਸੁਖਦੇਵ ਦੀ ਜ਼ਿੰਮੇਵਾਰੀ ਪੰਜਾਬ ਬਰਾਂਚ ਨੂੰ ਜਥੇਬੰਦ ਕਰਨ ਦੀ ਸੀ। ਸੁਖਦੇਵ ਅਤੇ ਭਗਤ ਸਿੰਘ ਵਿਚਕਾਰ ਅਕਸਰ ਵਿਚਾਰਧਾਰਕ, ਜਥੇਬੰਦਕ ਤੇ ਪਾਰਟੀ ਪ੍ਰੋਗਰਾਮਾ ਬਾਰੇ ਲੰਮੀਆਂ ਬਹਿਸਾਂ ਹੁੰਦੀਆਂ ਰਹਿੰਦੀਆਂ ਸਨ। ਇਨ੍ਹਾਂ ਬਹਿਸਾਂ ਅਤੇ ਵਿਚਾਰਧਾਰਕ ਪੜ੍ਹਾਈ ਨੇ ਇੱਕ ਦੂਜੇ ਦੇ ਵਿਚਾਰਾਂ ਨੂੰ ਨਿਖਾਰਨ ਤੇ ਉਚਿਆਉਣ ਦਾ ਕੰਮ ਕੀਤਾ। ਦੋਵੇਂ ਚਾਰੇ ਪਾਸੇ ਦੀਆਂ ਹਾਲਤਾਂ ਨੂੰ ਘੋਖਣ ਪੜਤਾਲਣ ਤੋਂ ਬਾਅਦ ਹੀ ਕਿਸੇ ਨਿਰਣੇ 'ਤੇ ਪੁੱਜਦੇ ਸਨ। ਰਾਜਗੁਰੂ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਣ ਲਈ ਸਭ ਤੋਂ ਵੱਧ ਉਤਾਵਲਾ ਰਹਿੰਦਾ ਸੀ। ਉਸ ਦੀ ਦਲੇਰੀ, ਦੇਸ਼ ਆਜ਼ਾਦ ਵੇਖਣ ਦੀ ਸੰਭਵ ਹੱਦ ਤੱਕ ਦੀ ਤਮੰਨਾ ਤੇ ਇਸ ਲਈ ਲਗਾਤਾਰ ਬਿਨਾਂ ਸਮਾਂ ਗੁਆਏ ਯਤਨਸ਼ੀਲ ਰਹਿਣਾ ਉਸ ਦਾ ਵਿਸ਼ੇਸ਼ ਗੁਣ ਸੀ।

ਭਗਤ ਸਿੰਘ ਇੱਕੋ ਵੇਲੇ ਸਪੱਸ਼ਟ ਵਿਚਾਰ, ਪ੍ਰਤੱਖ ਸੋਝੀ, ਪਹਿਲ ਕਦਮੀ ਦੀ ਕਾਬਲੀਅਤ, ਮੌਕੇ ਮੁਤਾਬਕ ਤੁਰੰਤ ਫੈਸਲਾ ਲੈਣ ਦੀ ਸ਼ਕਤੀ ਅਤੇ ਭਵਿੱਖ ਵਿੱਚ ਝਾਕ ਸਕਣ ਦੀ ਸਮਰੱਥਾ ਰੱਖਦਾ ਸੀ। ਉਸ ਦੀ ਵਧੇਰੇ ਦੂਰ-ਦ੍ਰਿਸ਼ਟੀ ਹੀ ਸੀ ਕਿ ਭਗਤ ਸਿੰਘ ਤੇ ਉਸ ਦੇ ਸਾਥੀ 8 ਅਪ੍ਰੈਲ, 1929 ਨੂੰ ਪੂਰਨ ਸਵਰਾਜ (ਪੂਰਨ ਅਜ਼ਾਦੀ) ਦਾ ਮਤਾ ਪਾਸ ਕਰ ਦਿੰਦੇ ਹਨ। 26 ਜਨਵਰੀ 1930 ਨੂੰ ਰਾਵੀ ਦੇ ਕੰਢੇ 'ਤੇ ਕਾਂਗਰਸ ਨੂੰ ਵੀ ਪੂਰਨ ਸਵਰਾਜ ਦਾ ਮਤਾ ਪਾਸ ਕਰਨਾ ਪਿਆ। ਭਗਤ ਸਿੰਘ ਆਪਣੀਆਂ ਲਿਖਤਾਂ ਵਿੱਚ ਇੰਜ ਦਰਜ਼ ਕਰਦਾ ਹੈ, " ..... ਕਾਂਗਰਸ ਅਤੇ ਸਾਡੇ ਦਲ ਦੇ ਮੰਤਵ ਵਿੱਚ ਸਭ ਤੋਂ ਵੱਡਾ ਫਰਕ ਇਹ ਹੈ ਕਿ ਕਾਂਗਰਸ ਰਾਜਸੀ ਤਬਦੀਲੀ ਰਾਹੀਂ ਅੰਗਰੇਜ਼ਾਂ ਦੇ ਹੱਥੋਂ ਰਾਜ ਪ੍ਰਬੰਧ ਖੋਹ ਕੇ ਸਰਮਾਏਦਾਰਾਂ ਦੇ ਹਵਾਲੇ ਕਰਨਾ ਚਾਹੁੰਦੀ ਹੈ, ਪਰ ਸਾਡਾ ਨਿਸ਼ਾਨਾਂ ਇਹ ਹੈ ਕਿ ਸਰਕਾਰ ਉਹਨਾਂ ਲੋਕਾਂ ਦੇ ਹੱਥ ਆਵੇ, ਜਿਹੜੇ ਸਮਾਜਵਾਦ ਅਤੇ ਕਮਿਊਨਿਜ਼ਮ ਵਿੱਚ ਵਿਸ਼ਵਾਸ ਰੱਖਦੇ ਹਨ.....।" ਉਨ੍ਹਾਂ ਕਿਹਾ, " ..... ਆਪਣੇ ਆਦਰਸ਼ਾਂ ਨੂੰ ਅਮਲੀ ਰੂਪ ਦੇਣ ਲਈ, ਅਰਥਾਤ ਸਮਾਜ ਨੂੰ ਨਵੇਂ ਸਿਰੇ ਤੋਂ ਕਾਰਲ ਮਾਰਕਸ ਦੇ ਸਿੱਧਾਂਤ ਅਨੁਸਾਰ ਜਥੇਬੰਦ

ਕਰਨ ਲਈ, ਸਾਨੂੰ ਸਰਕਾਰ ਦੀ ਮਸ਼ੀਨਰੀ ਨੂੰ ਆਪਣੇ ਹੱਥ ਵਿੱਚ ਲੈਣਾ ਪਵੇਗਾ, ਅਸੀਂ ਇਸ ਆਦਰਸ਼ ਲਈ ਲੜ ਰਹੇ ਹਾਂ। ਸਾਨੂੰ ਇਨ੍ਹਾਂ ਆਦਰਸ਼ਾਂ ਲਈ ਲੋਕਾਂ ਨੂੰ ਪੜ੍ਹਾਉਣਾਂ ਪਵੇਗਾ।”

ਭਗਤ ਸਿੰਘ ਵਿਰੋਧ-ਵਿਕਾਸੀ ਪਦਾਰਥਵਾਦੀ ਫਲਸਫੇ ਦੀ ਸਮਝ ਵਿੱਚੋਂ ਭਵਿੱਖੀ ਸਮਾਜ ਦੀ ਉਸਾਰੀ ਦੇ ਨਕਸ਼ੇ ਵੇਖਦਾ ਸੀ। ਉਹ ਸੁਖਦੇਵ ਨੂੰ ਇੱਕ ਚਿੱਠੀ ਵਿੱਚ ਲਿਖਿਆ ਸੀ ਕਿ “ ...... ਮੈਂ ਅਤੇ ਤੁਸਾਂ ਨੇ ਇਸ ਦੇਸ਼ ਵਿੱਚ ਸੋਸ਼ਲਿਜ਼ਮ ਅਤੇ ਕਮਿਊਨਿਜ਼ਮ ਦੇ ਖਿਆਲਾਂ ਨੂੰ ਜਨਮ ਦਿੱਤਾ, ਬਲਕਿ ਇਹ ਤਾਂ ਵਕਤ ਅਤੇ ਹਾਲਾਤ ਦੇ ਅਸਰ ਦਾ ਨਤੀਜਾ ਹੈ।

ਭਗਤ ਸਿੰਘ ਦੀ ਫਲਸਫੇ ਦੀ ਸਮਝ ’ਚੋਂ ਹੀ ਤਾਂ ਸੁਖਦੇਵ ਉਸ ਨੂੰ ਹਾਜ਼ਰ-ਦਿਮਾਗ ਕਹਿੰਦਾ ਸੀ। ਇਹ ਭਾਰਤ ਦੀ, ਕਿਰਤੀ ਵਰਗ ਦੀ ਤਰਾਸਦੀ ਰਹੀ ਕਿ ਅਸੀਂ ਭਗਤ ਸਿੰਘ ਦੇ ਫਲਸਫੇ ਦੇ ਪੰਨੇ ਘੱਟ ਵਿਚਾਰੇ-ਉਭਾਰੇ, ਉਸ ਦੀ ਸ਼ਹਾਦਤ ਦੇ ਸੋਹਲੇ ਵੱਧ ਉਭਾਰੇ। ਭਗਤ ਸਿੰਘ ਦਾ ਕਥਨ ਹੈ, “ਸਭ ਕਿਸੇ ਲਈ ਉਤਸ਼ਾਹਿਤ ਕਰਨ ਵਾਲਾ ਆਦਰਸ਼ ਉਦੇਸ਼ ਲਈ ਮਰਨਾ ਨਾ ਹੋ ਕੇ, ਉਦੇਸ਼ ਲਈ ਜਿਊਣਾ ਹੋਣਾ ਚਾਹੀਦਾ ਹੈ।”

ਬਾਬਾ ਸੋਹਨ ਸਿੰਘ ਭਕਨਾ ਭਗਤ ਸਿੰਘ ਨੂੰ ਜੇਲ ਵਿੱਚ ਮਿਲਣ ਲਈ ਗਏ ਸਨ, ਬਾਬਾ ਜੀ ਨੇ ਭਗਤ ਸਿੰਘ ਨੂੰ ਪੁੱਛਿਆ, ਭਗਤ ਸਿੰਘ ਤੁਹਾਡਾ ਕੋਈ ਰਿਸ਼ਤੇਦਾਰ ਮਿਲਣ ਨਹੀਂ ਆਇਆ? ਤਾਂ ਭਗਤ ਸਿੰਘ ਨੇ ਕਿਹਾ, ਬਾਬਾ ਜੀ ਮੇਰਾ ਖ਼ੂਨ ਦਾ ਰਿਸ਼ਤਾ ਤਾਂ ਸ਼ਹੀਦਾਂ ਦੇ ਨਾਲ ਹੈ, ਖ਼ੁਦੀ ਰਾਮ ਬੋਸ ਦੇ ਨਾਲ, ਕਰਤਾਰ ਸਿੰਘ ਸਰਾਭਾ ਦੇ ਨਾਲ, ਅਸੀਂ ਸਭ ਇੱਕ ਹੀ ਖ਼ੂਨ ਦੇ ਹਾਂ। ਸਾਡਾ ਖ਼ੂਨ ਇਕ ਹੀ ਜਗ੍ਹਾ ਤੋਂ ਆਇਆ ਹੈ ਅਤੇ ਇਕ ਹੀ ਜਗ੍ਹਾ ਜਾ ਰਿਹਾ ਹੈ। ਦੂਜਾ ਰਿਸ਼ਤਾ ਤੁਹਾਡੇ ਲੋਕਾਂ ਦੇ ਨਾਲ ਹੈ, ਜੋ ਸਾਨੂੰ ਪ੍ਰੇਰਣਾ ਦੇ ਰਹੇ ਹਨ। ਜਿਹਨਾਂ ਦੇ ਨਾਲ ਕਾਲ ਕੋਠੜੀ ਵਿੱਚ ਅਸੀਂ ਪਸੀਨਾ ਬਹਾਇਆ ਹੈ। ਤੀਜੇ ਰਿਸ਼ਤੇਦਾਰ ਉਹ ਹੋਣਗੇ ਜੋ ਖ਼ੂਨ-ਪਸੀਨੇ ਦੇ ਨਾਲ ਤਿਆਰ ਕੀਤੀ ਜ਼ਮੀਨ ਵਿੱਚੋਂ ਨਵੀਂ ਨਸਲ ਅਤੇ ਸ਼ਕਲ ਵਿੱਚ ਪੈਦਾ ਹੋਣਗੇ। ਇਸ ਤੋਂ ਇਲਾਵਾ ਸਾਡੇ ਹੋਰ ਕੌਣ ਰਿਸ਼ਤੇਦਾਰ ਹੋ ਸਕਦੇ ਹਨ।

ਸ. ਭਗਤ ਸਿੰਘ ਨੇ ਇਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਅਸੀਂ ਮੁੱਠੀ ਭਰ ਕਰਾਂਤੀਕਾਰੀ ਲੋਕਾਂ ਨੂੰ ਨਾਲ ਲਏ ਬਿਨਾਂ ਅਜ਼ਾਦੀ ਹਾਸਲ ਨਹੀਂ ਕਰ ਸਕਦੇ। ਜਨਤਾ ਦੀ ਸ਼ਕਤੀ ਨਾਲ ਹੀ ਸਾਡਾ ਮੁਲਕ ਅਜ਼ਾਦ ਹੋਵੇਗਾ। ਭਾਰਤ ਦੀ ਲੁੱਟ ਨੂੰ ਖਤਮ ਕਰਨਾ, ਨੌਕਰਸ਼ਾਹੀ ਦਾ ਦਬਦਬਾ ਖ਼ਤਮ ਕਰਨਾਂ, ਲੋਕਾਂ ਨੂੰ ਹਕੂਮਤ ਵਿਚ ਬਰਾਬਰ ਦਾ ਹਿੱਸੇਦਾਰ ਬਣਾਉਣਾ ਸਾਡਾ ਪਹਿਲਾ ਫਰਜ਼ ਹੈ। ਹੁਣ ਦੇਖਣਾ ਇਹ ਹੈ ਕਿ ਸ. ਭਗਤ ਸਿੰਘ ਅਤੇ ਹੋਰ ਸ਼ਹੀਦਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ, ਕੀ ਅੱਜ ਦਾ ਭਾਰਤ ਉਨ੍ਹਾਂ ਦੇ ਸੁਪਨਿਆਂ ਦਾ ਭਾਰਤ ਹੀ ਹੈ? ਜੇ ਨਹੀਂ ਤਾਂ ਕੀ ਕਾਰਨ ਹੈ, ਕਿੱਥੇ ਗੜਬੜ ਹੋਈ ਹੈ?

ਸ. ਭਗਤ ਸਿੰਘ ਦਾ ਜਨਮ 28-09-1907 ਨੂੰ ਪਿੰਡ ਬੰਗਾ ਜ਼ਿਲ੍ਹਾ ਲਾਇਲਪੁਰ ਪੰਜਾਬ (ਜੋ ਕਿ ਹੁਣ ਪਾਕਿਸਤਾਨ ਵਿੱਚ ਹੈ) ਵਿੱਚ ਹੋਇਆ। ਸ. ਕਿਸ਼ਨ ਸਿੰਘ ਜੀ (ਸ. ਭਗਤ ਸਿੰਘ ਦੇ ਪਿਤਾ) 1916 ਵਿਚ ਲਾਇਲਪੁਰ ਤੋਂ ਝੁੰਗੀਆਂ ਖਸੁਰੀਆਂ ਪਿੰਡ ਸ਼ਿਫਟ ਹੋ ਗਏ ਜੋ ਲਾਹੋਰ ਤੋਂ ਸਿਰਫ਼ ਸੱਤ ਕਿਲੋਮੀਟਰ ਦੂਰ ਸੀ। ਜੋ ਦਰਿਆ ਰਾਵੀ ਦੇ ਕੰਢੇ ਤੇ ਸੀ ਅਤੇ ਲੁਬਾਣਾ ਬਰਾਦਰੀ ਦੇ ਲੋਕ ਇਸ ਪਿੰਡ ਵਿਚ ਰਹਿ ਰਹੇ ਸਨ ਅਤੇ ਇਕੋ ਇੱਕ ਸੰਧੂ ਪਰਿਵਾਰ ਸ. ਕਿਸ਼ਨ ਸਿੰਘ ਦਾ ਸੀ। ਸ. ਭਗਤ ਸਿੰਘ ਲੁਬਾਣਾ ਬਰਾਦਰੀ ਦੇ ਲੜਕਿਆਂ ਨਾਲ ਹੀ ਪੜ੍ਹਿਆ ਅਤੇ ਖੇਡਿਆ ਸੀ ਅਤੇ ਇਹ ਸਬੰਧ ਉਸਨੇ 1931 ਤੱਕ ਆਪਣੇ ਦੋਸਤਾਂ ਨਾਲ ਰੱਖਿਆ ਸੀ।

**ਜਗੀਰ ਸਿੰਘ ਲਾਲੀਆ**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ


**Chief Editor**
**S. Jagir Singh Lalia**
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
**S. Pritam Singh Naurangpur**
# 180, New Vijay Nagar, Jalandhar
M.: 98140-48241

**Editor**
**S. Surinder Singh Ruby**
Excise & Taxation Officer (Retd.)
HIG-16, S.F., Guru Gobind Singh Avenue
G.T. Road, Bye pass, Jalandhar
Email: ruby.surinder57@gmail.com, M.: 98141-28181

**Co-Editor**
**Prof. Jaswant Singh Ph.D.**
College Road, Begowal, Kapurthala, M.: 98724-66351
**Engineer Parminderjit Singh**
524, GMT Jalandhar, M.: 99153-57524
parminderjitsingh84@yahoo.com

**Outline-Editor**
**S. Joginder Singh Ajaib**, Jalandhar
M.: 98152-69145

**Advisors**
S. Naginder Singh, Mohali, Jt. Director (Retd.)
97800-36205
S. Jagtar Singh Multani Chief Er. (Retd.) Jal.
M.: 94172-15940



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ
ਅਪ੍ਰੈਲ - 14-4-2018 (ਸ਼ਨੀਵਾਰ)

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ


ਜਿਲਦ ਨੰ. 41 | ਅੰਕ - 73 | ਮਾਰਚ- 2018



1. ਮਨੁੱਖਤਾ ਦੀ ਸੇਵਾ, ਸ਼ਾਂਤੀ, ਕੁਦਰਤ ਦੀਆਂ ਦਾਤਾਂ ਅਤੇ ਵਾਤਾਵਰਣ ਪ੍ਰਤੀ ਚੇਤਨਤਾ ਦੀ ਸੁੰਦਰ ਤਸਵੀਰ ਗੁਰੂ ਹਰਿਰਾਇ ਸਾਹਿਬ 5
2. ਬੰਗਲਾਦੇਸ਼ ਦੇ ਗੁਰਦੁਆਰਾ ਸਾਹਿਬਾਨ 7
3. ਇਕ ਪਿੰਡ, ਇਕ ਗੁਰਦੁਆਰਾ ਸਾਹਿਬ 8
4. ਬੇਇਤਬਾਰਾ ਮਨ 10
5. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ 12
6. ਖੇਡ ਮੇਲੇ ਅਤੇ ਸਭਿਆਚਾਰਕ ਪ੍ਰੋਗਰਾਮ 15
7. 36 ਸਾਲ ਦੀ ਬੇਦਾਗ ਸਰਕਾਰੀ ਸੇਵਾ ਉਪਰੰਤ ਮਾਸਟਰ ਮੱਖਣ ਸਿੰਘ ਦੀ ਸੇਵਾ ਮੁਕਤੀ 'ਤੇ ਵਿਸ਼ੇਸ਼ 18
8. ਤੇਜ਼ ਰਫ਼ਤਾਰ ਜ਼ਿੰਦਗੀ 19
9. ਸਿੱਖ ਧ੍ਰਮ ਵਿਚ ਔਰਤ ਦੀ ਮਹੱਤਤਾ 21
10. ਇਕ ਔਰਤ ਦਾ ਅਨੋਖ ਰਾਜ਼ 23
11. ਦੋ ਗੁਆਂਢੀ 26
13. ਪੰਜਾਬੀ ਵਿਰਸਾ 31
14. ਫ੍ਰੀ ਟੈਸਟਿੰਗ ਕੈਂਪਾਂ ਦਾ ਵੇਰਵਾ 32
15. ਕਾਵਿ-ਕਿਆਰੀ 34
16. ਸਿਹਤ ਸੰਭਾਲ 36
17. Invention And Implementation of the... 37



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਮਨੁੱਖਤਾ ਦੀ ਸੇਵਾ, ਸ਼ਾਂਤੀ, ਕੁਦਰਤ ਦੀਆਂ ਦਾਤਾਂ ਅਤੇ ਵਾਤਾਵਰਣ ਪ੍ਰਤੀ ਚੇਤਨਤਾ ਦੀ ਸੁੰਦਰ ਤਸਵੀਰ ਗੁਰੂ ਹਰਿਰਾਏ ਸਾਹਿਬ



14 ਮਾਰਚ ਦਾ ਦਿਨ ਕਈ ਅੰਤਰਰਾਸ਼ਟਰੀ ਸਿੱਖ ਸੰਗਠਨਾਂ ਵੱਲੋਂ ਲਗਭਗ 22 ਦੇਸ਼ਾਂ ਵਿਚ ਵਾਤਾਵਰਣ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਇਸ ਦਿਨ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਨੇ ਗੁਰਗੱਦੀ ਸੰਭਾਲੀ ਸੀ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਸਮੁੱਚੇ ਜੀਵਨ ਨੂੰ ਜੇ ਦੋ ਸ਼ਬਦਾਂ ਵਿਚ ਬਿਆਨ ਕਰਨਾ ਹੋਵੇ ਤਾਂ ਉਨ੍ਹਾਂ ਨੂੰ ਨਿਰਭਓ ਨਿਰਵੈਰ ਹੀ ਕਿਹਾ ਜਾ ਸਕਦਾ ਹੈ। ਸਾਰੀ ਉਮਰ ਉਨ੍ਹਾਂ ਨੇ ਕਿਸੇ ਦਾ ਡਰ ਨਹੀਂ ਮੰਨਿਆ, ਕਿਸੇ ਨਾਲ ਵੈਰ ਨਹੀਂ ਕਮਾਇਆ। ਕਿਸੇ ਪ੍ਰਤੀ ਮਾੜਾ ਸ਼ਬਦ ਨਹੀਂ ਬੋਲਿਆ। ਵੱਡੇ ਭਰਾ ਧੀਰਮੱਲ ਨੇ ਡਰਾਵੇ ਵੀ ਦਿੱਤੇ। ਉਸ ਨੇ ਸਮੇਂ ਦੀ ਸਰਕਾਰ ਦਾ ਹੱਥ ਵੀ ਫੜਿਆ ਪਰ ਆਪ ਸ਼ਾਂਤ ਚਿੱਤ ਹੋ ਕੇ ਵਿਚਰਦੇ ਰਹੇ।

ਅਜਿਹੇ ਗੁਣਾਂ ਨਾਲ ਭਰਪੂਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਪ੍ਰਕਾਸ਼ ਕੀਰਤਪੁਰ ਵਿਖੇ 16 ਜਨਵਰੀ, 1630 ਨੂੰ ਪਿਤਾ ਗੁਰਦਿੱਤਾ ਜੀ ਅਤੇ ਮਾਤਾ ਰਾਜ ਕੌਰ ਜੀ ਦੇ ਗ੍ਰਿਹ ਵਿਖੇ ਹੋਇਆ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣਾ ਅੰਤਿਮ ਸਮਾਂ ਨੇੜੇ ਆਉਣ 'ਤੇ ਸੰਗਤਾਂ ਦੇ ਦੀਵਾਨ ਵਿਚ ਹੀ ਜੋਤੀ-ਜੋਤਿ ਸਮਾਉਣ ਦੀ ਗੱਲ ਕਹੀ ਤੇ ਨਾਲ ਹੀ ਹੁਕਮ ਕੀਤਾ-ਧਰਹੁ ਅਨੰਦ, ਨ ਕੀਜਹਿ ਸ਼ੋਕ। ਉਨ੍ਹਾਂ ਗੁਰਿਆਈ ਦੀ ਜ਼ਿੰਮੇਵਾਰੀ ਆਪਣੇ ਛੋਟੇ ਪੋਤਰੇ ਗੁਰੂ ਹਰਿਰਾਇ ਜੀ ਨੂੰ ਦਿੱਤੀ। ਉਸ ਵਕਤ ਆਪ ਦੀ ਉਮਰ 14 ਵਰ੍ਹੇ ਸੀ ਅਤੇ 3 ਮਾਰਚ, 1644 ਦੀ ਸੀ।

ਗੁਰਗੱਦੀ 'ਤੇ ਬਿਰਾਜਮਾਨ ਹੋਣ ਉਪਰੰਤ ਆਪ ਨੇ ਸੰਗਤਾਂ ਨੂੰ ਉਪਦੇਸ਼ ਦਿੱਤਾ ਕਿ ਯਕੀਨ ਦੇ ਘਰ ਰਹੋ। ਸਤਿਨਾਮ ਜਪੋ। ਕਾਮ, ਕ੍ਰੋਧ, ਲੋਭ ਨੂੰ ਨੇੜੇ ਨਾ ਆਉਣ ਦਿਓ। ਸ਼ੁੱਭ ਕਰਮ ਕਰੋ ਤੇ ਮਾੜੇ ਕਰਮਾਂ ਨੂੰ ਨੇੜੇ ਨਾ ਆਉਣ ਦਿਓ। ਸੱਚੀ ਤੇ ਸੁੱਚੀ ਕਿਰਤ ਕਰੋ, ਨਿੱਕੀ-ਨਿੱਕੀ ਗੱਲ 'ਤੇ ਝਗੜੇ ਨਾ ਕਰੋ। ਮਾਂ-ਬਾਪ ਦੀ ਸੇਵਾ ਵੀ ਭਗਤੀ ਦਾ ਰੂਪ ਹੈ। ਘਰ ਵਿਚ ਹੀ ਪ੍ਰਭੂ ਨੂੰ ਪਾਇਆ ਜਾ ਸਕਦਾ ਹੈ। ਮਨੁੱਖਾ ਦੇਹੀ ਦੁਰਲੱਭ ਹੈ। ਵਿਸ਼ੇ ਵਿਕਾਰਾਂ ਵਿਚ ਪੈ ਕੇ ਜੀਵਨ ਦੀ ਬਾਜ਼ੀ ਨਾ ਹਾਰੋ। ਨਾਮ ਜਪਣਾ ਤੇ ਗਿਆਨ ਪ੍ਰਾਪਤ ਕਰਨਾ ਧਰਮ ਦੇ ਮੁੱਖ ਅੰਗ ਹਨ। ਕਿਰਤ ਵਿਚੋਂ ਦਸਵੰਧ ਜ਼ਰੂਰ ਕੱਢੋ। ਇਸ ਤਰ੍ਹਾਂ ਜੀਵਨ ਸੁਖੀ ਬਤੀਤ ਹੋਵੇਗਾ ਤੇ ਸਫ਼ਲ ਹੋਵੇਗਾ।



**ਜੋਗਿੰਦਰ ਸਿੰਘ ਅਜੈਬ**
**ਆਊਟਲਾਈਨ ਐਡੀਟਰ**
**98152-69145**




ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਨਿਤ ਕਰਮ ਹੀ ਸਾਰਿਆਂ ਲਈ ਪ੍ਰੇਰਨਾ ਸਰੋਤ ਸੀ। ਆਪ ਪਹਿਰ ਰਹਿੰਦੀ ਰਾਤ ਉੱਠਦੇ, ਇਸ਼ਨਾਨ ਕਰਦੇ ਤੇ ਫਿਰ ਨਿਤਨੇਮ ਤੇ ਸਿਮਰਨ ਵਿਚ ਮਨ ਜੋੜਦੇ। ਫਿਰ ਸੰਗਤ ਵਿਚ ਆ ਕੇ ਰਬਾਬੀਆਂ ਪਾਸੋਂ ਕੀਰਤਨ ਸਰਵਣ ਕਰਦੇ, ਅਰਦਾਸ ਹੁੰਦੀ ਤੇ ਫਿਰ ਲੰਗਰ ਵਿਚ ਪੁੱਜਦੇ। ਪਹਿਲਾਂ ਸਾਰੀ ਸੰਗਤ ਨੂੰ ਪ੍ਰਸ਼ਾਦਾ ਛਕਾਉਂਦੇ ਤੇ ਫਿਰ ਆਪ ਛਕਦੇ। ਸ਼ਾਮ ਨੂੰ ਕਥਾ ਵਿਚਾਰਾਂ ਹੁੰਦੀਆਂ। ਵੱਡੇ-ਵੱਡੇ ਵਿਦਵਾਨ ਵੀ ਆਪ ਦੇ ਦਰਬਾਰ ਵਿਚ ਆਉਂਦੇ। ਗਿਆਨ ਅੰਮ੍ਰਿਤ ਦੀ ਵਰਖਾ ਹੁੰਦੀ। ਫਿਰ ਬਾਗਾਂ ਵਿਚ ਸੈਰ ਕਰਨ ਜਾਂਦੇ। ਬੱਚਿਆਂ ਨੂੰ ਇਕੱਠਿਆਂ ਕਰ ਕੇ ਉਪਦੇਸ਼ ਦਿੰਦੇ। ਰੱਖ ਵਿਚ ਜਾ ਕੇ ਪੰਛੀਆਂ ਨੂੰ ਚੋਗਾ ਆਦਿ ਪਾਉਂਦੇ ਤੇ ਸਾਂਭ-ਸੰਭਾਲ ਕਰਦੇ। ਉਪਰੰਤ ਸ਼ਫ਼ਾਖਾਨੇ ਵਿਚ ਜਾਂਦੇ ਤੇ ਰੋਗੀਆਂ ਨੂੰ ਦਵਾ-ਦਾਰੂ ਦਿੰਦੇ।

ਆਪ ਦਾ ਫੁੱਲਾਂ ਦੇ ਨਾਲ ਬਹੁਤ ਪਿਆਰ ਸੀ। ਕੀਰਤਪੁਰ ਨਗਰ ਦੀ ਆਬਾਦੀ ਘਣੀ ਹੋ ਜਾਣ ਕਾਰਨ ਕਈ ਨਵੀਆਂ ਬਸਤੀਆਂ ਬਣ ਗਈਆਂ ਸਨ। ਆਪ ਨੇ ਵੱਖ-ਵੱਖ ਥਾਵਾਂ 'ਤੇ 52 ਬਾਗ ਤਿਆਰ ਕਰਵਾਏ ਅਤੇ ਸਿਆਣੇ ਤੇ ਸੁਘੜ ਮਾਲੀ ਰੱਖੇ। ਦੂਰੋਂ-ਦੂਰੋਂ ਫੁੱਲਾਂ ਤੇ ਫਲਾਂ ਦੇ ਬੀਜ ਮੰਗਵਾ ਕੇ ਬਾਗ ਨੂੰ ਸਜਾਇਆ। ਸੁੰਦਰ ਵਾੜੀ ਵਾਲੇ

ਮਾਲੀ ਨੂੰ ਅਸ਼ੀਰਵਾਦ ਤੇ ਇਨਾਮ ਵੀ ਦਿੰਦੇ। ਕੀਰਤਪੁਰ ਨੂੰ ਬਾਗਾਂ ਦਾ ਸ਼ਹਿਰ ਹੀ ਕਿਹਾ ਜਾਣ ਲੱਗ ਪਿਆ ਸੀ। ਇਨ੍ਹਾਂ ਬਾਗਾਂ ਵਿਚ ਕੇਵਲ ਖੂਬਸੂਰਤ ਤੇ ਸਜਾਵਟੀ ਫਲ-ਬੂਟੇ ਹੀ ਨਹੀਂ ਸਨ, ਸਗੋਂ ਦੁਰਲੱਭ ਦਵਾਈਆਂ ਨਾਲ ਭਰਪੂਰ ਬੂਟੇ ਵੀ ਲਗਵਾ ਕੇ ਕੀਮਤੀ ਦਵਾਈਆਂ ਤਿਆਰ ਕਰਵਾਈਆਂ ਜਾਂਦੀਆਂ ਸਨ।




ਸੰਨ 1646 ਵਿਚ ਪੰਜਾਬ ਵਿਚ ਅਜਿਹਾ ਕਾਲ ਪਿਆ ਕਿ ਲੋਕ ਇਕ ਇਕ ਬੁਰਕੀ ਤੋਂ ਆਤਰ ਹੋਣ ਲੱਗੇ। ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਸੰਗਤਾਂ ਨੂੰ ਹੁਕਮ ਭੇਜੇ ਕਿ ਘਰ-ਘਰ ਲੰਗਰ ਲਗਾ ਦਿਓ। ਜਿੱਥੇ ਵੀ ਧਰਮਸ਼ਾਲਾ ਕਾਇਮ ਸੀ, ਲੰਗਰ ਲਗਾਉਣ ਦਾ ਹੁਕਮ ਦੇ ਦਿੱਤਾ। ਲੰਗਰ ਸਬੰਧੀ ਆਪ ਦਾ ਉਚੇਚਾ ਹੁਕਮ ਸੀ ਕੇਵਲ ਸਮੇਂ ਸਿਰ ਜਾਂ ਦੋ ਵਕਤ ਹੀ ਪ੍ਰਸ਼ਾਦਾ ਨਹੀਂ ਦੇਣਾ, ਸਗੋਂ ਜਦੋਂ ਵੀ ਕੋਈ ਆ ਜਾਵੇ, ਉਸ ਨੂੰ ਪਿਆਰ ਨਾਲ ਪ੍ਰਸ਼ਾਦਾ ਛਕਾਇਆ ਜਾਵੇ। ਆਪ ਨੇ ਲੰਗਰ ਵਰਤਾਉਣ ਤੋਂ ਪਹਿਲਾਂ ਨਗਾਰਾ ਵਜਾਉਣ ਦੀ ਮਰਯਾਦਾ ਵੀ ਚਲਾਈ, ਤਾਂ ਜੋ ਦੂਰ ਬੈਠੇ ਲੋਕ ਵੀ ਨਗਾਰਾ ਸੁਣ ਕੇ ਲੰਗਰ ਛਕਣ ਆ ਸਕਣ।

ਲਗਭਗ 31 ਸਾਲ ਦੀ ਉਮਰ ਵਿਚ ਸ੍ਰੀ ਗੁਰੂ ਹਰਿਰਾਏ ਸਾਹਿਬ ਨੇ ਆਪਣਾ ਅੰਤਿਮ ਸਮਾਂ ਨੇੜੇ ਜਾਣ ਕੇ ਆਪਣੀ ਥਾਂ ਆਪਣੇ ਛੋਟੇ ਸਾਹਿਬਜ਼ਾਦੇ (ਗੁਰੂ) ਹਰਿਕ੍ਰਿਸ਼ਨ ਸਾਹਿਬ ਨੂੰ ਸਾਰੀ ਸੰਗਤ ਦੇ ਸਾਹਮਣੇ ਗੁਰਿਆਈ ਬਖਸ਼ਿਸ਼ ਕੀਤੀ। ਉਸ ਸਮੇਂ ਉਨ੍ਹਾਂ ਦੀ ਉਮਰ ਸਵਾ ਪੰਜ ਸਾਲ ਦੀ ਸੀ ਅਤੇ 6 ਅਕਤੂਬਰ 1661 ਈ.ਸੀ।

ਸ੍ਰੀ ਗੁਰੂ ਹਰਿਰਾਏ ਸਾਹਿਬ ਨੇ ਭਾਵੇਂ ਬਾਣੀ ਦੀ ਰਚਨਾ ਨਹੀਂ ਕੀਤੀ ਪਰ ਆਪਣੇ ਜੀਵਨ ਕਾਲ ਵਿਚ ਉਨ੍ਹਾਂ ਨੇ ਜੋ ਉਪਦੇਸ਼ ਦਿੱਤੇ ਜਾਂ ਜੋ ਸਾਖੀਆਂ ਮਿਲਦੀਆਂ ਹਨ, ਉਨ੍ਹਾਂ ਤੋਂ ਇਹ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਮਾਰਗ ਤੇ ਆਦਰਸ਼ ਨੂੰ ਪ੍ਰਫੁੱਲਤ ਕਰਨ ਲਈ ਉਨ੍ਹਾਂ ਨੇ ਕੀ ਕੁਝ ਕੀਤਾ। ਗੁਰੂ ਪਾਤਸ਼ਾਹ ਨੇ ਜੋ ਉਪਦੇਸ਼ ਉਸ ਸਮੇਂ ਦੇ ਰਾਜਿਆਂ ਨੂੰ ਦਿੱਤਾ, ਉਸ ਦਾ ਵਰਨਣ ਕਰਦੇ ਹੋਏ ਮੈਕਾਲਫ ਲਿਖਦਾ ਹੈ ਕਿ ਗੁਰੂ ਸਾਹਿਬ ਨੇ ਸਮਝਾਇਆ ਕਿ ਰਾਜਾ ਹੋ ਕੇ ਕਿਸੇ ਨੂੰ ਰੋਹਬ ਨਾ ਦਿਖਾਓ। ਰਾਜੇ ਦਾ ਵਿਲਾਸੀ ਹੋਣਾ ਰਾਜ ਦੀ ਤਬਾਹੀ ਦਾ ਕਾਰਨ ਹੈ। ਰਾਜ ਦੀ ਆਮਦਨ ਲੋਕ ਭਲਾਈ ਦੇ ਕਾਰਜਾਂ ਲਈ ਵਰਤੀ ਜਾਵੇ। ਰਾਜਿਆਂ ਨੇ ਗੁਰੂ ਪਾਤਸ਼ਾਹ ਅੱਗੇ ਸੀਸ ਨਿਵਾਇਆ। ਇਨ੍ਹਾਂ ਰਾਜਿਆਂ ਵਿਚ ਰਾਜਾ ਤਾਰਾ ਚੰਦ ਤੇ ਰਾਜਾ ਦੀਪ ਚੰਦ ਵੀ ਸ਼ਾਮਿਲ ਸਨ।

ਜਦੋਂ ਸੰਗਤਾਂ ਦਾ ਦੀਵਾਨ ਲੱਗਦਾ ਤਾਂ ਗੁਰੂ ਸਾਹਿਬ ਉਨ੍ਹਾਂ ਦੇ ਸ਼ੰਕੇ ਵੀ ਨਵਿਰਤ ਕਰਦੇ। ਸਿੱਖਾਂ ਨੇ ਗੁਰੂ ਸਾਹਿਬ ਤੋਂ ਪੁੱਛਿਆ ਕਿ ਸੋਹਣਾ ਕੌਣ ਹੈ ਤੇ ਕਸੁਹਣਾ ਕੌਣ ਹੈ? ਗੁਰੂ ਜੀ ਕਹਿਣ ਲੱਗੇ ਜਿਸ ਪਾਸ ਸ਼ੀਤਲਤਾ ਹੈ, ਹਿਰਦੇ ਦੀ ਠੰਢਕ ਹੈ ਤੇ ਸ਼ਾਂਤ ਚਿਤ ਹੈ, ਉਹ ਸੋਹਣਾ ਹੈ ਤੇ ਜੋ ਸਦਾ ਉਤੇਜਿਤ ਰਹਿੰਦਾ ਹੈ ਤੇ ਸਾਜਿਸ਼ਾਂ ਘੜਦਾ ਹੈ, ਉਹ ਕਸੁਹਣਾ ਹੈ। ਮੁਕਤਾ ਕੌਣ ਹੈ? ਪੁੱਛਣ 'ਤੇ ਮਹਾਰਾਜ ਨੇ ਕਿਹਾ ਕਿ ਜਿਸ ਨੂੰ ਦੁੱਖ-ਸੁੱਖ ਵਿਚ ਪਰਮਾਤਮਾ ਯਾਦ ਰਹੇ, ਉਹ ਮੁਕਤਾ ਹੈ। ਜਦੋਂ ਸਿੱਖਾਂ ਨੇ ਪੁੱਛਿਆ ਕਿ ਪਾਪਾਂ ਦਾ ਮੂਲ ਕੀ ਹੈ ਤਾਂ ਆਪ ਨੇ ਫੁਰਮਾਇਆ ਕਿ ਲੋਭ ਹੀ ਪਾਪਾਂ ਦਾ ਮੂਲ ਹੈ। ਸਿੱਖਾਂ ਨੇ ਪੁੱਛਿਆ ਕਿ ਕਿਹੜੀ ਅਰਦਾਸ ਥਾਂਇ ਪੈਂਦੀ ਹੈ, ਤਾਂ ਗੁਰੂ ਸਾਹਿਬ ਨੇ ਕਿਹਾ ਕਿ ਜੋ ਅਰਦਾਸ ਸ਼ੁੱਧ ਹਿਰਦੇ ਨਾਲ ਹੋਵੇ ਤੇ ਸਭ ਦੇ ਭਲੇ ਲਈ ਹੋਵੇ, ਉਹੀ ਥਾਈਂ ਪੈਂਦੀ ਹੈ। ਯਾਤਰਾ ਦੇ ਅਸੂਲ ਦ੍ਰਿੜਾਉਂਦੇ ਹੋਏ ਆਪ ਨੇ ਸੰਗਤਾਂ ਨੂੰ ਫੁਰਮਾਇਆ ਕਿ ਸਫਰ 'ਤੇ ਚਲਦਿਆਂ ਕੀਰਤਨ ਕਰਦੇ ਜਾਓ। ਗੁਰੂ ਜਸ ਗਾਓ। ਹਾਸਾ-ਠੱਠਾ ਨਾ ਕਰੋ। ਪੜਾਅ ਕਰਦਿਆਂ ਦੀਵਾਨ ਸਜਾਓ ਤੇ ਗੁਰੂ ਉਪਦੇਸ਼ ਤੇ ਬਾਣੀ ਸੁਣੋ।

ਗੁਰਗੱਦੀ ਸੰਭਾਲਦਿਆਂ ਹੀ ਆਪ ਨੇ ਸ਼ਹਿਰ ਦੇ ਵਾਤਾਵਰਨ ਨੂੰ ਸੁੰਦਰ ਬਣਾਉਣ ਵੱਲ ਉਚੇਚਾ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਸੀ। ਈਕੋਸਿੱਖ ਸੰਗਠਨ ਵਲੋਂ ਇਸ ਦਿਵਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਵਾਤਾਵਰਨ ਦਿਵਸ ਵਜੋਂ ਕਈ ਸਾਲਾਂ ਤੋਂ ਮਨਾਇਆ ਜਾ ਰਿਹਾ ਹੈ। ਗੁਰਦੁਆਰਿਆਂ ਵਿਚ ਇਸ ਦਿਨ ਵਿਸ਼ੇਸ਼ ਦੀਵਾਨ ਸਜਾ ਕੇ ਕੁਦਰਤ ਸਬੰਧੀ ਗੁਰਬਾਣੀ ਦਾ ਕੀਰਤਨ ਅਤੇ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਜੀਵਨ ਸਬੰਧੀ ਵਿਚਾਰਾਂ ਕਰਵਾਈਆਂ ਜਾਂਦੀਆਂ ਹਨ। ਇਸ ਦਿਨ ਨੂੰ ਹੋਰ ਸਾਰਥਕ ਰੂਪ ਵਿਚ ਮਨਾਉਣ ਲਈ ਗੁਰੂ-ਘਰਾਂ ਵਿਚ ਤਿਆਰ ਕੀਤੇ ਜਾਣ ਵਾਲੇ ਲੰਗਰ ਲਈ ਜੈਵਿਕ ਖੇਤੀ ਨੂੰ ਅਪਣਾਉਣ ਦੀ ਲੋੜ ਤੇ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਡਿਸਪੋਜ਼ੇਬਲ ਪਲੇਟਾਂ, ਚਮਚਿਆਂ ਤੇ ਗਲਾਸਾਂ ਦੀ ਵਰਤੋਂ ਨਾ ਕੀਤੀ ਜਾਵੇ। ਬਿਜਲੀ ਊਰਜਾ ਦੀ ਖਪਤ ਨੂੰ ਘਟਾਉਣ ਲਈ ਸੋਲਰ ਪੈਨਲ ਤੇ ਐਲ.ਈ.ਡੀ. ਬਲਬਾਂ ਦੀ ਵਰਤੋਂ ਕਰੀਏ। ਹਰ ਗੁਰਦੁਆਰੇ ਦੇ ਨਾਲ ਇਕ ਸੁੰਦਰ ਪਾਰਕ ਦੀ ਉਸਾਰੀ ਕਰੀਏ। ਸਾਈਕਲ ਰੈਲੀ ਕਰ ਕੇ ਲੋਕਾਂ ਵਿਚ ਪੈਟਰੋਲ ਦੀ ਖਪਤ ਘਟਾਉਣ ਲਈ ਜਾਗਰੂਕਤਾ ਪੈਦਾ ਕਰੀਏ। ਵਾਤਾਵਰਨ ਦੀ ਸੰਭਾਲ ਲਈ ਗੁਰਦੁਆਰਿਆਂ ਵਿਚ ਸੈਮੀਨਾਰ ਕਰਵਾਈਏ।

14 ਮਾਰਚ ਦੇ ਦਿਨ ਕਈ ਦੇਸ਼ਾਂ ਵਿਚ ਸਿੱਖ ਸੰਗਤਾਂ ਵਲੋਂ ਵੱਧ ਤੋਂ ਵੱਧ ਦਰੱਖਤ ਅਤੇ ਫਲਦਾਰ ਬੂਟੇ ਲਗਾਏ ਜਾਂਦੇ ਹਨ। ਆਓ! ਅਸੀਂ ਵੀ ਇਸ ਤੋਂ ਪ੍ਰੇਰਨਾ ਲੈ ਕੇ ਆਪਣਾ ਵਾਤਾਵਰਨ ਸਾਫ਼-ਸੁਥਰਾ ਰੱਖਣ ਦਾ ਯਤਨ ਕਰੀਏ।

# ਬੰਗਲਾਦੇਸ਼ ਦੇ ਗੁਰਦੁਆਰਾ ਸਾਹਿਬਾਨ


ਹਰਪ੍ਰੀਤ ਕੌਰ ਪੇਲੀਆ
ਜਨਰਲ ਸਕੱਤਰ
98763-58250




**ਗੁਰਦੁਆਰਾ ਸੰਗਤ ਟੋਲਾ ਸਾਹਿਬ** :- ਇਹ ਪਾਵਨ ਪਵਿੱਤਰ ਇਤਿਹਾਸਿਕ ਸਥਾਨ ਢਾਕਾ ਸ਼ਹਿਰ ਦੇ ਦਰਮਿਆਨ, ਮਿਉਂਸਿਪਲ ਕਮੇਟੀ ਦੇ ਦਫ਼ਤਰ ਦੇ ਸਾਹਮਣੇ ਬੰਗਲਾ ਬਜ਼ਾਰ ਵਿਚ ਸ਼ੁਭਾਇਮਾਨ ਹੈ। ਇਹ ਗੁਰਦੁਆਰਾ ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਆਸਾਮ, ਬੰਗਾਲ ਇਤਿਹਾਸਿਕ ਯਾਤਰਾ ਨਾਲ ਸਬੰਧਿਤ ਹੈ। ਹਿੰਦ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਭਾਈ ਬੁਲਾਕੀ ਦਾਸ ਦੇ ਘਰ ਠਹਿਰੇ ਸਨ। ਭਾਈ ਬੁਲਾਕੀ ਦਾਸ ਜੋ ਗੁਰੂ ਘਰ ਦਾ ਮਸੰਦ ਸੀ, ਦੀ ਬਜ਼ੁਰਗ ਮਾਤਾ ਦੁਆਰਾ ਹੱਥੀ ਤਿਆਰ ਕੀਤਾ ਚੋਲਾ ਗੁਰੂ ਜੀ ਨੇ ਸਵੀਕਾਰ ਕੀਤਾ। ਗੁਰ ਦੀ ਯਾਦ ਨੂੰ ਸਮਰਪਿਤ ਘਰ ਨੂੰ ਗੁਰੂ ਦੁਆਰਾ ਸਾਹਿਬ ਦਾ ਰੂਪ ਦਿੱਤਾ ਗਿਆ। ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਸ ਸਥਾਨ ਤੇ ਲਗਭਗ ਦੋ ਸਾਲ ਨਿਵਾਸ ਕੀਤਾ। ਇੱਥੇ ਹੀ ਗੁਰੂ ਜੀ ਨੂੰ ਬਾਲ ਗੋਬਿੰਦ ਰਾਏ, ਦੇ ਪ੍ਰਗਟ ਹੋਣ ਦੀ ਖ਼ਬਰ ਮਿਲੀ। ਗੁਰੂ ਜੀ ਦੇ ਨਿਵਾਸ ਸਮੇਂ ਇਸ ਸਥਾਨ ਨੂੰ ਹਰੀ ਘਰ ਕਿਹਾ ਜਾਂਦਾ ਸੀ। ਬਹੁਤ ਸਾਰੀਆਂ ਸੰਗਤਾਂ ਰੋਜ਼ਾਨਾ ਜੁੜਦੀਆਂ, ਕਥਾ-ਕੀਰਤਨ ਦਾ ਪ੍ਰਵਾਹ ਚਲਦਾ। ਇਸ ਕਰਕੇ ਇਸ ਅਸਥਾਨ ਦਾ ਨਾਂ ਗੁਰਦੁਆਰਾ "ਸੰਗਤ ਟੋਲਾ ਸਾਹਿਬ ਜੀ" ਜਾਣਿਆ ਜਾਣ ਲੱਗਾ। ਇਸ ਇਤਿਹਾਸਿਕ ਗੁਰਦੁਆਰੇ ਸਾਹਿਬ 'ਚ ਕੁਝ ਹੱਥ ਲਿਖਤਾਂ ਪਾਵਨ ਬੀੜਾਂ ਮੌਜੂਦ ਹਨ। ਮਸੰਦ ਬੁਲਾਕੀ ਦਾਸ ਦੀ ਮਾਤਾ ਨੇ ਕਿਸੇ ਮੁਸਲਮਾਨ ਮੁੱਸਵਰ ਪਾਸੋਂ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਚਿੱਤਰ ਤਿਆਰ ਕਰਵਾਇਆ।

**ਗੁਰਦੁਆਰਾ ਸਿੱਖ ਅਸਟੇਟ ਟੈਂਪਲ, ਚੌਂਕ ਬਜ਼ਾਰ, ਚਿੱਟਾਗਾਓਂ** :- ਢਾਕੇ ਤੋਂ ਕੋਈ ਤਿੰਨ ਕੋਲੋਮੀਟਰ ਦੂਰ ਚਿੱਟਾਗਾਓਂ ਸ਼ਹਿਰ ਵਿਚ ਗੁਰੂ ਨਾਨਕ ਅਸਟੇਟ ਗੁਰਦੁਆਰਾ ਸਾਹਿਬ ਸਥਿਤ ਹੈ। ਪੁਰਾਤਨ ਜਨਮ ਸਾਖੀ ਦੇ ਇਕ ਹਵਾਲੇ ਅਨੁਸਾਰ ਸ਼੍ਰੀ ਗੁਰੂ ਨਾਨਕ ਸਾਹਿਬ ਜੀ ਚਿੱਟਾਗਾਓਂ ਜਗਤ ਉਧਾਰਨ ਹਿੱਤ 1508ਈ: 'ਚੋਂ ਚੌਂਕ ਬਜ਼ਾਰ ਦੀ ਇਸ ਧਰਤੀ 'ਤੇ ਪਹੁੰਚੇ ਸਨ। ਤਰਖਾਣਾਂ ਕਾਰਜ-ਭਾਗ ਵਾਲੇ, ਝੰਡੇ ਨਾਂ ਦੇ ਵਿਅਕਤੀ ਨੂੰ ਮਿਲੇ। ਉਸ ਨੇ ਗੁਰੂ ਜੀ ਨੂੰ ਸਰਦੀ ਬਣਦੀ ਟਹਿਲ ਸੇਵਾ ਕੀਤੀ। ਇੱਥੇ ਗੁਰੂ ਨਾਨਕ ਦੇਵ ਜੀ ਨੇ ਉਪਦੇਸ਼ ਦਿੱਤਾ, ਜਿਸ ਨੇ ਆਪਣੀਆਂ ਮਨੋ ਕਾਮਨਾਵਾਂ ਤੇ ਕਾਬੂ ਪਾ ਲਿਆ, ਜੋ ਅੰਹਕਾਰ ਰਹਿਤ ਜੀਵਨ ਜੀਅ ਸਕਦਾ ਹੈ, ਉਸ ਨੂੰ ਹੀ ਨਿਰੰਕਾਰ ਦੀ ਹੋਂਦ ਦਾ ਗਿਆਨ ਹੋ ਸਕਦਾ ਹੈ। ਗੁਰੂ ਜੀ ਦੀ ਮਹਿਮਾ ਸੁਣ ਕੇ ਉੱਥੋਂ ਦੇ ਰਾਜਾ ਸੁਧਾਰ ਸੇਨ ਗੁਰੂ ਜੀ ਕੋਲ ਪਹੁੰਚੇ, ਤੇ ਉਸ ਨੇ ਗੁਰੂ ਜੀ ਨੂੰ ਕੁਝ ਕੀਮਤੀ ਵਸਤਾਂ ਭੇਂਟ ਕੀਤੀਆਂ। ਜੋ ਕਿ ਗੁਰੂ ਜੀ ਨੇ ਭਾਈ ਝੰਡੇ ਦੇ ਰਾਹੀਂ ਸੰਗਤਾਂ ਵਿੱਚ ਵੰਡ ਦਿੱਤੀਆਂ ਤੇ ਸਿੱਖ ਸੰਗਤਾਂ ਨੇ ਗੁਰੂ ਜੀ ਦੇ ਚਰਨ ਪਰਸਨ ਦੇ ਸਥਾਨ ਤੇ ਗੁਰਦੁਆਰਾ ਸਾਹਿਬ ਦਾ ਨਿਰਮਾਣ ਕਾਰਜ ਕਰਵਾਇਆ।

**ਗੁਰਦੁਆਰਾ ਮੈਮਨ ਸਿੰਘ** :- ਢਾਕਾ ਤੋਂ ਲਗਭਗ 160 ਕਿਲੋਮੀਟਰ ਦੂਰ ਮੈਮਨ ਸਿੰਘ ਜ਼ਿਲ੍ਹੇ, ਵਿਚ ਵੀ ਗੁਰੂ ਨਾਨਕ ਸਾਹਿਬ ਜੀ ਨਾਲ ਸਬੰਧਿਤ ਇਕ ਇਤਿਹਾਸਿਕ ਸਥਾਨ ਹੈ।

ਵਰਤਮਾਨ ਸਮੇਂ ਵਿਚ ਵੀ ਇਹਨਾਂ ਦੀ ਮਰਿਆਦਾ ਅਨੁਸਾਰ ਬੰਗਲਾਦੇਸ਼ ਸਰਕਾਰ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

## ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

# ਇਕ ਪਿੰਡ, ਇਕ ਗੁਰਦੁਆਰਾ ਸਾਹਿਬ

## (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸੁਚੱਜਾ ਉੱਦਮ)




**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**




ਅੱਜ ਦੇ ਸਮੇਂ ਵਿਚ ਅਸੀਂ ਪੰਜਾਬ ਵਿਚ ਕਿਸੇ ਵੀ ਵੱਡੀ ਛੋਟੀ ਸੜਕ ਤੋਂ ਗੁਜਰਦੇ ਹੋਈਏ ਜਾਂ ਰੇਲ ਰਾਹੀਂ ਸਫ਼ਰ ਕਰ ਰਹੀਏ ਹੋਈਏ ਤਾਂ ਦੇਖਦੇ ਹਾਂ ਕਿ ਆਲੇ-ਦੁਆਲੇ ਪਿੰਡਾਂ ਵਿਚੋਂ ਹਰ ਪਿੰਡ ਵਿਚ ਤਿੰਨ ਚਾਰ ਪੰਜ ਗੁਰਦੁਆਰਾ ਸਾਹਿਬ ਦੇ ਉੱਚੇ ਗੋਲ ਗੁੰਬਦ ਅਤੇ ਨਿਸ਼ਾਨ ਸਾਹਿਬ ਲਹਿਰਾਉਂਦੇ ਨਜ਼ਰ ਆਉਂਦੇ ਹਨ। ਕਈਆਂ ਪਿੰਡਾਂ ਦੀ ਅਬਾਦੀ ਵੀ ਕੋਈ ਬਹੁਤੀ ਨਹੀਂ ਜਾਪਦੀ ਪਰ ਗੁਰਦੁਆਰਿਆਂ ਦੀ ਗਿਣਤੀ ਦਾ ਮੰਜਰ ਇਕੋ ਜਿਹਾ ਹੀ ਹੁੰਦਾ ਹੈ। ਅਸੀਂ ਸਾਰੇ ਗੁਰੂ ਨਾਨਕ ਨਾਮ ਲੇਵਾ ਸਿੱਖ ਬੜੇ ਮਾਨ ਨਾਲ ਕਹਿੰਦੇ ਹਾਂ ਕਿ ਸਾਡਾ ਧਰਮ ਬੜਾ ਸਾਫ਼-ਸੁਥਰਾ ਅਤੇ ਵਿਗਿਆਨਕ ਹੈ। ਸਮੇਂ-ਸਮੇਂ ਤੇ ਸਾਡੇ ਗੁਰੂਆਂ ਨੇ ਜੋ ਦਿਸ਼ਾ ਨਿਰਦੇਸ਼ ਦਿੱਤੇ ਅਤੇ ਮਾਰਗ ਦਰਸ਼ਨ ਕੀਤਾ ਉਸ ਮੁਤਾਬਿਕ ਹੀ ਅਸੀਂ ਆਪਣੇ ਧਰਮ ਵਿਚ ਪਰਪੱਕ ਹੁੰਦੇ ਗਏ ਹਾਂ। ਇਸ ਸਾਰੇ ਵਰਤਾਰੇ ਵਿਚ ਅਸੀਂ ਭੁੱਲ ਗਏ ਹਾਂ ਕਿ ਸਾਡੇ ਸਤਿਗੁਰਾਂ ਨੇ "ਸਭੈ ਸਾਂਝੀਵਾਲ ਸਦਾਇਣ ਕੋਈ ਨਾ ਦਿਸੈ ਬਾਹਿਰਾ ਜਿਉ" ਦਾ ਅਮੁੱਲ ਸੰਦੇਸ਼ ਵੀ ਸਾਨੂੰ ਦਿੱਤਾ ਹੈ। ਦਸਮ ਪਾਤਸ਼ਾਹਿ ਨੇ ਇਕੋ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ "ਏਕ ਪਿਤਾ ਏਕਸ ਕੇ ਹਮ ਬਾਰਿਕ" ਦੇ ਸੰਕਲਪ ਨੂੰ ਹਰ ਸਿੱਖ ਨੂੰ ਆਪਣੇ ਜੀਵਨ ਵਿਚ ਧਾਰਨ ਦਾ ਵਿਸ਼ਵਾਸ ਪੱਕਾ ਕਰਨ ਨੂੰ ਦ੍ਰਿੜ ਕਰਵਾਇਆ ਹੈ।

ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਪਿੰਡਾਂ ਵਿਚ ਬਣੇ ਬਹੁ ਗਿਣਤੀ ਅਲੱਗ-ਅਲੱਗ ਗੁਰਦੁਆਰੇ ਸਿੱਖ ਧਰਮ ਵਿਚ ਸ਼ਾਮਲ ਹੋ ਕੇ ਵੀ ਸਿੱਖਾਂ ਵੱਲੋਂ ਆਪਣੀਆਂ-ਆਪਣੀਆਂ ਮੁੱਢਲੀਆਂ ਜਾਤ ਬਰਾਦਰੀਆਂ ਨੂੰ ਨਾਂ ਭੁੱਲਣ ਜਾਂ ਨਾ ਛੱਡਣ ਕਰਕੇ ਹੀ ਜ਼ਿਆਦਾ ਹਨ। ਕੋਈ ਗੁਰਦੁਆਰੇ ਉੱਚੀ ਜਾਤੀਆਂ ਦੇ ਹਨ, ਕੋਈ ਮੰਝਲੀ ਜਾਤੀਆਂ ਦੇ ਤੇ ਕਈ ਪੱਛੜੀਆਂ ਜਾਤੀਆਂ ਦੇ ਗੁਰਦੁਆਰੇ ਪਿੰਡਾਂ ਵਿਚ ਵੱਖ-ਵੱਖ ਬਣੇ ਹੋਏ ਹਨ। ਬੜਾ ਦੁਖਦਾਈ ਵਰਤਾਰਾ ਹੈ। ਅਖੌਤੀ ਉੱਚੀਆਂ ਜਾਤੀਆਂ ਵੱਲੋਂ ਨੀਵੀਆਂ ਜਾਤੀਆਂ ਦੇ ਲੋਕਾਂ ਨੂੰ ਗੁਰਦੁਆਰਾ ਸਾਹਿਬ ਵਿਚ ਦਾਖਲ ਨਾ ਹੋਣ ਦੇਣਾ, ਸਿੱਖ ਧਰਮ ਦੀਆਂ ਮੁੱਢਲੀਆਂ ਮਰਿਆਦਾਵਾਂ ਦਾ ਉਲੰਘਣ ਹੈ। ਗੁਰੂ ਗ੍ਰੰਥ ਸਾਹਿਬ ਜੀ

ਵਿਚ ਸ਼ਾਮਲ ਪੰਦਰਾਂ ਭਗਤਾਂ ਦੀ ਬਾਣੀ ਵਿਚ ਛੀਂਬਾ ਨਾਮਦੇਵ ਵੀ ਹੈ, ਸਦਨਾ ਕਸਾਈ ਵੀ ਹੈ, ਸੈਣ ਨਾਈਂ ਵੀ, ਰਵਿਦਾਸ ਚਮਾਰ ਵੀ ਹੈ, ਧੰਨਾ ਕਿਸਾਨ ਜੱਟ ਵੀ ਹੈ, ਬਾਬਾ ਫਰੀਦ ਤੇ ਭੀਖਣ ਮੁਸਲਮਾਨ ਵੀ ਹਨ ਅਤੇ ਕਬੀਰ ਜੁਲਾਹਾ ਵੀ ਹੈ। ਇਸ ਤੋਂ ਬਾਅਦ ਸਿੱਖ ਲਈ ਜਾਤ ਪਾਤ ਦੀ ਸੋਚ ਕਰਨ ਦੀ ਗੁੰਜਾਇਸ਼ ਕਿਥੇ ਰਹਿ ਜਾਂਦੀ ਹੈ। ਗੁਰੂ ਸਾਹਿਬ ਵੱਲੋਂ ਇਹ ਸਾਰਾ ਉੱਦਮ ਸਾਡੇ ਵਿਚੋਂ ਜਾਤ ਪਾਤ ਦਾ ਖਿਆਲ ਮੁੱਢਲੋਂ ਹੀ ਖਤਮ ਕਰਨ ਲਈ ਹੀ ਕੀਤਾ ਸੀ।

ਭਗਤ ਨਾਮਦੇਵ ਜੋ ਕਿ ਬ੍ਰਾਹਮਣਾ ਮੁਤਾਬਿਕ ਨੀਵੀਂ ਛੀਬਾਂ ਜਾਤੀ ਨਾਲ ਸਬੰਧਿਤ ਸਨ ਨੂੰ ਉੱਚ ਜਾਤੀ ਦੇ ਬ੍ਰਾਹਮਣਾਂ ਵੱਲੋਂ ਜਦੋਂ ਇਕ ਮੰਦਿਰ ਵਿਚੋਂ ਪੂਜਾ ਕਰਨ ਤੋਂ ਰੋਕ ਦਿੱਤਾ ਗਿਆ ਸੀ ਤੇ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਸੀ। ਭਗਤ ਨਾਮ ਦੇਵ ਵੱਲੋਂ ਉਸ ਮੰਦਿਰ ਦੇ ਪਿਛਲੇ ਪਾਸੇ ਬੈਠ ਕੇ ਕ੍ਰਿਸ਼ਨ ਭਗਵਾਨ ਨਾਲ ਗਿਲਾ ਕਰਦੇ ਹੋਏ ਜਦ ਉਹਨਾਂ ਦਾ ਨੀਵੀਂ ਜਾਤੀ ਵਿਚ ਪੈਦਾ ਹੋਣ ਤੇ ਉਹਨਾਂ ਦਾ ਕਸੂਰ ਨਾ ਹੋਣ ਦਾ ਗਿਲਾ ਕੀਤਾ ਸੀ ਤਾਂ ਉੱਚ ਜਾਤੀ ਵਾਲਿਆਂ ਦਾ ਮੰਦਰ ਹੀ ਘੁੰਮ ਗਿਆ ਸੀ ਤੇ ਮੰਦਿਰ ਦਾ ਮੂੰਹ ਭਗਤ ਨਾਮਦੇਵ ਵੱਲ ਨੂੰ ਹੋ ਗਿਆ ਸੀ। ਦਾਸ ਨੂੰ ਮਹਾਰਾਸ਼ਟਰ ਦੇ ਜ਼ਿਲ੍ਹਾ ਹੰਗੋਲੀ ਦੇ ਕਸਬਾ ਔਂਡ ਵਿਖੇ ਇਸ ਮੰਦਿਰ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੈ। ਭਾਈ ਗੁਰਦਾਸ ਜੀ ਨੇ ਆਪਣੀ ਵਾਰ 25ਵੀਂ ਪਾਉੜੀ 4 ਵਿਚ ਇਸ ਘਟਨਾ ਦਾ ਜ਼ਿਕਰ ਕੀਤਾ ਹੈ –

**''ਨਾਮ ਛੀਬਾਂ ਆਖੀਐ ਗੁਰਸਿਖ**
**ਭਾਇ ਭਗਤ ਲਿਵ ਲਾਈ।**
**ਖਤ੍ਰੀ ਬ੍ਰਾਹਮਣ ਦੇਹੁਰੇ ਉਤਮ**
**ਜਾਤਿ ਕਰਨਿ ਵਡਿਆਈ।**
**ਨਾਮ ਪਕੜਿ ਉਠਾਲਿਆ ਬਹਿ**
**ਪਿਛਵਾੜੈ ਹਰਿ ਗੁਣ ਗਾਈ।**
**ਭਗਤ ਵਛਲ ਆਖਾਇਦਾ ਫੇਰਿ**
**ਦੇਹੁਰਾ ਪੈਜ ਰਖਾਈ।**
**ਦਰਗਹੁ ਮਾਣੁ ਨਿਮਾਣਿਆ**
**ਸਾਧ ਸੰਗਤਿ ਸਤਗੁਰੁ ਸਰਣਾਈ।**
**ਉਤਮ ਪਦਵੀ ਨੀਚ ਜਾਤਿ ਚਾਰੇ**
**ਵਰਣ ਪਏ ਪਗ ਆਈ**
**ਜਿਉ ਨਿਵਾਣਿ ਨੀਰ ਚਲਿ ਜਾਇ॥''**

ਅਜਿਹੀਆਂ ਇਤਿਹਾਸਕ ਘਟਨਾਵਾਂ ਦੀ ਜਾਣਕਾਰੀ ਰੱਖਦੇ ਹੋਏ ਵੀ ਅਸੀਂ ਗੁਰੂ ਦੇ ਸਿੱਖ ਅੱਜ ਵੀ ਜਾਤ-ਪਾਤ ਦੇ ਅਧਾਰ ਤੇ ਸਿੱਖਾਂ ਵਿਚ ਹੀ ਵੰਡੀਆਂ ਪਾਈਏ ਤੇ ਇਸ ਤੋਂ ਵੱਡੀ ਮਾੜੀ ਗੱਲ ਕੋਈ ਹੋ ਹੀ ਨਹੀਂ ਸਕਦੀ। ਰੋਜ਼ ਹੀ ਅਜਿਹੀਆਂ ਘਟਨਾਵਾਂ ਅੱਜ ਵੀ ਸੁਣਦੇ ਹਾਂ, ਉੱਚੀ ਜਾਤੀਆਂ ਵਾਲੇ ਨੀਵੀਆਂ ਜਾਤੀਆਂ ਵਾਲਿਆਂ ਨੂੰ ਘਰ ਵਿਚ ਪ੍ਰਕਾਸ਼ ਕਰਨ ਲਈ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਦੇਣ ਤੋਂ ਹੀ ਇਨਕਾਰ ਕਰ ਰਹੇ ਹਨ। ਗੁਰਦੁਆਰੇ ਦੇ ਬਰਤਨ ਆਦਿ ਦੇਣ ਤੋਂ ਇਨਕਾਰ ਕਰਦੇ ਹਨ ਤਾਂ ਅਜਿਹੇ ਵਿਚ ਤਾਂ ਆਪਣੀ ਆਸਥਾ ਦੇ ਬੰਨ ਨੂੰ ਕਾਇਮ ਰੱਖਣ ਲਈ ਇਹਨਾਂ ਨੀਵੀਆਂ ਜਾਤਾਂ ਦੇ ਸਿੱਖਾਂ ਨੂੰ ਆਪਣੇ ਗੁਰਦੁਆਰੇ ਬਨਾਉਣੇ ਪਏ ਹਨ। ਪਿੰਡ ਵਿਚ ਜੱਟ ਸਿੱਖਾਂ ਦਾ ਗੁਰਦੁਆਰਾ ਅਲੱਗ ਹੈ, ਰਾਮਗੜ੍ਹੀਆ ਦਾ ਵੱਖ, ਹਰੀਜਨਾਂ ਤੇ ਬਾਲਮੀਕਾਂ ਦਾ ਅਲੱਗ। ਗੁਰੂ ਸਭ ਦਾ ਗੁਰੂ ਗ੍ਰੰਥ ਸਾਹਿਬ ਹੈ ਤਾਂ ਫਿਰ ਪੂਜਾ ਅਸਥਾਨ ਵੱਖ-ਵੱਖ ਕਿਉਂ ਹਨ? ਬੜੀ ਗੰਭੀਰ ਸੋਚ ਦਾ ਵਿਸ਼ਾ ਹੈ।

ਮੁੱਖ ਤੌਰ ਤੇ ਤਾਂ ਜਾਤ ਪ੍ਰਨਾਲੀ ਹੀ ਵਧੇਰੇ ਗੁਰਦੁਆਰੇ ਹੋਣ ਦਾ ਮੁੱਢਲਾ ਕਾਰਨ ਹੈ। ਕਈ ਜਗ੍ਹਾ ਤੇ ਗੁਰਦੁਆਰਾ ਕਮੇਟੀਆਂ ਦੀਆਂ ਚੌਧਰਾਂ ਵੀ ਇਸ ਲਈ ਜ਼ਿੰਮੇਵਾਰ ਹਨ। ਜੇ ਇਕ ਗੁਰਦੁਆਰੇ ਵਿਚ ਪ੍ਰਧਾਨਗੀ ਨਹੀਂ ਮਿਲੀ ਤਾਂ ਲੜਾਈ ਲਈ ਬਹਾਨਾ ਬਣਾ ਕੇ ਵੱਖਰਾ ਗੁਰਦੁਆਰਾ ਬਨਾਉਣ ਲਈ ਲੋਕਾਂ ਨੂੰ ਬਰਾਦਰੀ ਜਾਂ ਕੋਈ ਹੋਰ ਨਾਅਰਾ ਮਾਰ ਕੇ ਪਿਛੇ ਲਗਾ ਕੇ ਨਵਾਂ ਤੇ ਵੱਖਰਾ ਗੁਰਦੁਆਰਾ ਬਣਾ ਲਿਆ ਜਾਂਦਾ ਹੈ।

ਕਈ ਪਿੰਡਾਂ ਵਿਚ ਅਜ਼ਾਦੀ ਦੀ ਵੰਡ ਸਮੇਂ ਮੁਸਲਮਾਨਾਂ ਦੇ ਇਹਨਾਂ ਪਿੰਡਾਂ ਵਿਚੋਂ ਉੱਠ ਕੇ ਪਾਕਿਸਤਾਨ ਚਲੇ ਜਾਣ ਕਾਰਨ ਪਿੰਡਾਂ ਵਿਚ ਉਹਨਾਂ ਦੀਆਂ ਮਸੀਤਾਂ ਖਾਲੀ ਹੋ ਜਾਣ ਕਰਕੇ ਇਹਨਾਂ ਮਸੀਤਾਂ ਨੂੰ ਸਾਫ ਕਰਕੇ ਇਹਨਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਗੁਰਦੁਆਰਾ ਸਾਹਿਬ ਸ਼ੁਰੂ ਕੀਤੇ ਗਏ। ਪਿੰਡਾਂ ਵਿਚ ਖਾਲੀ ਘਰ, ਮਕਾਨ ਤਾਂ ਨਵੇਂ ਰਫਿਊਜੀਆਂ ਨੂੰ ਅਲਾਟ ਕਰ ਦਿੱਤੇ ਗਏ ਪ੍ਰੰਤੂ ਇਹ ਖਾਲੀ ਮਸੀਤਾਂ ਜੋ ਕਿ ਕਈ ਪਿੰਡਾਂ ਵਿਚ ਇਕ ਤੋਂ ਵੱਧ ਸਨ ਅਤੇ ਖਾਲੀ ਸਨ, ਉਹਨਾਂ ਵਿਚ ਕਈ ਚੌਧਰੀਆਂ ਨੇ ਆਪਣੇ ਚੌਧਰ ਚਮਕਾਉਣ ਲਈ ਜਾਂ ਪ੍ਰਧਾਨ ਬਨਣ ਲਈ ਹੀ ਆਪਣੀ ਬਰਾਦਰੀ ਦਾ ਵੱਖ ਜਾਂ ਆਪਣੀ ਪੱਤੀ ਜਾਂ ਮੁਹੱਲੇ ਦਾ ਵੱਖਰਾ ਗੁਰਦੁਆਰਾ ਉਸਾਰਨ ਲਈ ਲੋਕਾਂ ਨੂੰ ਉਕਸਾਇਆ। ਧਰਮ ਦੇ ਨਾਮ ਤੇ ਗੁਰੂ ਦੇ ਨਾਮ ਤੇ ਲੋਕਾਂ ਨੂੰ ਮਗਰ ਲਾ ਕੇ ਇਹ ਵੱਖ-ਵੱਖ ਗੁਰਦੁਆਰੇ ਬਣਵਾਏ। ਪਹਿਲਾ ਮਸੀਤਾਂ ਵਿਚ ਸ਼ੁਰੂ ਹੋਏ ਤੇ ਬਾਅਦ ਵਿਚ ਪੱਕੀਆਂ ਇਮਾਰਤਾਂ ਤੇ ਸੰਗਮਰਮਰ ਨਾਲ ਲੱਸ਼ੋ-ਲੱਸ਼ ਲਿਸ਼ਕਦੇ ਗੁਰਦੁਆਰੇ ਬਣ ਗਏ। ਗੁਰੂ ਦਾ ਪ੍ਰਚਾਰ ਘੱਟ ਤੇ ਆਪਣੀ ਬੱਲੇ ਬੱਲੇ ਜ਼ਿਆਦਾ।

ਇਸ ਤੋਂ ਇਲਾਵਾ ਕਈ ਜਗ੍ਹਾ ਤੇ ਸੜਕਾਂ ਦੇ ਕੰਢੇ ਨਿਹੰਗ ਸਿੰਘਾਂ ਵੱਲੋਂ ਨੀਲੇ ਚੋਲੇ ਵਾਲੇ ਨਿਸ਼ਾਨ ਸਾਹਿਬ ਲਗਾ ਕੇ ਕਾਫੀ ਗਿਣਤੀ ਵਿਚ ਗੁਰਦੁਆਰਾ ਸਾਹਿਬ ਬਣਵਾਏ ਹੋਏ ਹਨ। ਬਹੁਤੀ ਥਾਂਈ ਮਸਲਾ ਇਥੇ ਵੀ ਜਗ੍ਹਾ ਦੇ ਕਬਜ਼ੇ ਦਾ ਹੀ ਹੈ।

ਪਿਛੇ ਜਿਹੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਹ ਹਦਾਇਤ ਕੀਤੀ ਗਈ ਸੀ ਕਿ ਕਿਸੇ ਜਗ੍ਹਾ ਦੇ ਕਬਜ਼ੇ ਆਦਿ ਲਈ ਰਾਤੋ-ਰਾਤ ਇਕ ਕਮਰਾ ਪਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨੇ ਜਾਇਜ਼ ਨਹੀਂ ਹਨ ਅਤੇ ਅਜਿਹਾ ਨਾ ਕਰਨ ਦੀ ਤਾਕੀਦ ਕੀਤੀ ਗਈ ਸੀ ਜਿਸ ਦਾ ਕਾਫੀ ਅਸਰ ਦੇਖਣ ਨੂੰ ਮਿਲਿਆ ਹੈ। ਹੁਣ ਅਜਿਹਾ ਵਰਤਾਰਾ ਕਾਫੀ ਘੱਟ ਗਿਆ ਹੈ। ਨਿਹੰਗ ਸਿੰਘਾਂ ਨੂੰ ਵੀ ਸੜਕਾਂ ਦੇ ਕੰਢਿਆਂ ਤੇ ਜਾਂ ਪਿੰਡਾਂ ਵਿਚ ਵੱਖਰੇ ਗੁਰਦੁਆਰਾ ਸਾਹਿਬ ਉਸਾਰਨ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵਰਜਣਾ ਚਾਹੀਦਾ ਹੈ। ਸਿਰਫ ਤੇ ਸਿਰਫ ਜਿਥੇ ਨਿਹੰਗ ਸਿੰਘਾਂ ਦੀਆਂ ਪੱਕੀਆਂ ਛਾਉਣੀਆਂ ਜਾਂ ਠਹਿਰਾਅ ਹਨ, ਉਥੇ ਹੀ ਉਹਨਾਂ ਵੱਲੋਂ ਗੁਰੂ ਘਰ ਉਸਾਰਨੇ ਚਾਹੀਦੇ ਹਨ।

ਸ਼੍ਰੋਮਣੀ ਕਮੇਟੀ ਵੱਲੋਂ ਇਹ ਅਲਾਮਤਾਂ ਖਤਮ ਕਰਨ ਲਈ ਇਕ ਪਿੰਡ, ਇਕ ਗੁਰਦੁਆਰਾ ਸਾਹਿਬ ਦੀ ਇਕ ਲਹਿਰ ਦਾ ਆਰੰਭ ਕੀਤਾ ਗਿਆ ਹੈ ਜੋ ਕਿ ਸਿੱਖ ਧਰਮ ਵਿਚੋਂ ਜਾਤ ਪਾਤ, ਊਚ-ਨੀਚ ਦੇ ਕੋਹੜ ਨੂੰ ਜਿਥੇ ਖਤਮ ਕਰੇਗੀ ਉਥੇ ਇਕ ਪਿੰਡ ਵਿਚ ਇਕੋ ਹੀ ਗੁਰਦੁਆਰਾ ਸਾਹਿਬ ਹੋਣ ਨਾਲ ਆਪਸੀ ਧੜੇਬੰਦੀ ਘਟੇਗੀ ਤੇ ਪਰਸਪਰ ਪਿਆਰ ਵਧੇਗਾ। ਗੁਰੂ ਮਹਾਰਾਜ ਦਾ ਸਤਿਕਾਰ ਅੱਗੇ ਨਾਲੋਂ ਵੀ ਵਧੇਗਾ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਖਾਲੀ ਹੋ ਰਹੇ ਗੁਰਦੁਆਰਾ ਸਾਹਿਬ ਵਿਚ ਨਗਰ, ਪਿੰਡ ਦੀ ਸਰਬ ਸਾਂਝੀ ਲਾਇਬ੍ਰੇਰੀ ਜਾਂ ਲੋਕ ਸਿਹਤ ਨਾਲ ਸਬੰਧਿਤ ਕੋਈ ਸੰਸਥਾ ਜਿਵੇਂ ਡਿਸਪੈਂਸਰੀ ਜਾਂ ਜਿਮ ਵਗੈਰਾ ਖੋਹਲ ਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਉਪਰਾਲਾ ਕਰਨਾ ਚਾਹੀਦਾ ਹੈ। ਇਸ ਲਈ ਕਮੇਟੀ ਦੇ ਸਾਲਾਨਾ ਬਜਟ ਵਿਚ ਖਾਸ ਪ੍ਰਬੰਧ ਕਰਨਾ ਚਾਹੀਦਾ ਹੈ ਜਿਸ ਨੂੰ ਵੇਖ ਕੇ ਦੂਜੇ ਪਿੰਡ ਨਗਰਾਂ ਵਿਚ ਵੀ ਉਤਸ਼ਾਹ ਜਾਗੇਗਾ ਤੇ ਸਿੱਖਾਂ ਤੇ ਸਿੱਖੀ ਦੀ ਬੜੀ ਵੱਡੀ ਸੇਵਾ ਹੋਵੇਗੀ। ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ ਕਾਰਜਕਾਰਨੀ ਸਮੇਤ ਸਾਰੇ ਮੈਂਬਰ ਵਧਾਈ ਦੇ ਪਾਤਰ ਹਨ। ਲੋੜ ਹੌਂਸਲੇ ਅਤੇ ਸ਼ਿੱਦਤ ਨਾਲ ਅੱਗੇ ਵਧਦੇ ਰਹਿਣ ਦੀ ਹੈ।


# ਬੇਇਤਬਾਰਾ ਮਨ

'ਬਹੀਐ ਪੜਿਆ ਪਾਸਿ' ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੀ ਪੁਸਤਕ ਵਿਚੋਂ ਲੇਖ ਉਨ੍ਹਾਂ ਦੀ ਇਜਾਜ਼ਤ ਲੈ ਕੇ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪੇ ਜਾ ਰਹੇ ਹਨ। ਅਸੀਂ ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੇ ਅਤਿ ਧੰਨਵਾਦੀ ਹਾਂ।

ਇੰਜੀ. ਪਰਮਿੰਦਰਜੀਤ ਸਿੰਘ, ਕੋ-ਆਡੀਟਰ

**ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਤਾ॥**
**ਖਰ ਕਾ ਪੈਖਰ ਤਉ ਛੁਟੈ ਜਉ ਊਪਰਿ ਲਾਦਾ॥**
**(ਬਿਲਾਵਲ ਮ ੫. ਪੰਨਾ ੮੨੫)**

ਇਕ ਮਲਾਹ ਦੀ ਬੇੜੀ ਵਿਚ ਕਿਸੇ ਮੁਸਾਫ਼ਰ ਦਾ ਥੈਲਾ ਰਹਿ ਗਿਆ ਜਿਸ ਵਿਚ ਕੁਝ ਸੋਨਾ, ਚਾਂਦੀ ਅਤੇ ਨਕਦੀ ਸੀ। ਅੰਦਾਜ਼ਨ ਦਸ ਹਜ਼ਾਰ ਰੁਪੈ ਦਾ ਮਾਲ ਹੋਵੇਗਾ। ਮਲਾਹ ਨੇ ਵੇਖਿਆ, ਉਸ ਮੁਸਾਫ਼ਰ ਦੇ ਮਗਰ ਦੌੜਿਆ ਤੇ ਉਸ ਨੂੰ ਉਸ ਦਾ ਸਾਮਾਨ ਦੇ ਦਿੱਤਾ। ਉਸ ਮੁਸਾਫ਼ਰ ਨੇ ਬੜਾ ਸ਼ੁਕਰਾਨਾ ਕੀਤਾ ਤੇ ਕਿਹਾ ਕਿ ਅਜੇ ਸੰਸਾਰ ਵਿਚ ਇਮਾਨਦਾਰੀ ਜਿੰਦਾ ਹੈ। ਅਜੇ ਤੇਰੇ ਵਰਗੇ ਭਲੇ ਪੁਰਖ ਪਰਉਪਕਾਰੀ ਬੰਦੇ ਹਨ ਜਿਨ੍ਹਾਂ ਦੇ ਆਸਰੇ ਇਹ ਧਰਤੀ ਖੜ੍ਹੀ ਹੈ। ਮਲਾਹ ਨੂੰ ਕੁਝ ਇਨਾਮ ਵੀ ਦੇਣਾ ਚਾਹਿਆ, ਪਰ ਉਸ ਨੇ ਲਿਆ ਨਹੀਂ। ਮਲਾਹ ਨੇ ਵੀ ਬੇੜੀ ਨੂੰ ਕਿੱਲੇ ਨਾਲ ਬੰਨ੍ਹ ਕੇ ਆਪਣੇ ਘਰ ਨੂੰ ਜਾਣਾ ਸੀ। ਘਰ ਦੇ ਨਜ਼ਦੀਕ ਪਹੁੰਚਿਆ। ਇਕ ਮਾਸੂਮ ਬੱਚਾ ਜੋ ਅੱਗੇ-ਅੱਗੇ ਤੁਰਿਆ ਜਾ ਰਿਹਾ ਸੀ ਉਸ ਦਾ ਇਕ ਰੁਪਇਆ ਡਿੱਗ ਪਿਆ ਸੀ। ਇਸ ਨੇ ਫੌਰਨ ਉਸ ਉੱਤੇ ਪੈਰ ਰੱਖ ਦਿੱਤਾ ਤਾਂਕਿ ਬੱਚੇ ਨੂੰ ਨਾ ਦਿਸੇ। ਬੱਚੇ ਨੇ ਉਸਨੂੰ ਪੁੱਛਿਆ ਕਿ ਬਾਬਾ ਮੇਰਾ ਰੁਪਈਆ ਡਿੱਗ ਪਿਆ ਹੈ ਤੂੰ ਵੇਖਿਆ ਤਾਂ ਨਹੀਂ। ਇਸ ਨੂੰ ਫੌਰਨ ਇਕ ਜੁਗਤੀ ਸੁੱਝੀ। ਕਹਿਣ ਲੱਗਾ, "ਬੇਟਾ ਥੋੜ੍ਹਾ ਪਿਛੇ ਐਸਾ ਜਾਪਿਆ ਸੀ ਜਿਵੇਂ ਰੁਪਇਆ ਪਿਆ ਹੋਵੇ ਪਰ ਮੈਂ ਕਦੇ ਪਰਾਈ ਚੀਜ਼ ਵੱਲ ਧਿਆਨ ਨਹੀਂ ਦਿੱਤਾ। ਮੇਰੇ ਵਾਸਤੇ ਪਰਾਇਆ ਸੋਨਾ ਮਿੱਟੀ ਦੇ ਬਰਾਬਰ ਹੈ। ਅੱਜ ਕਿਸੇ ਦਾ ਦਸ ਹਜ਼ਾਰ ਦਾ ਸਾਮਾਨ ਮੇਰੀ ਬੇੜੀ ਵਿਚ ਰਹਿ ਗਿਆ ਸੀ ਮਗਰ ਦੌੜ ਕੇ ਇਸ ਬੰਦੇ ਨੂੰ ਦੇ ਕੇ ਆਇਆ ਹਾਂ। ਬੱਚਾ ਤੇਜ਼ੀ ਨਾਲ ਪਿੱਛੇ ਗਿਆ। ਜਦੋਂ ਬੱਚਾ ਦੂਸਰੇ ਪਾਸੇ ਮੂੰਹ ਕਰ ਕੇ ਤੇਜ਼ੀ ਨਾਲ ਜਾ ਰਿਹਾ ਸੀ ਇਸ ਨੇ ਫੌਰਨ ਰੁਪਇਆ ਚੁੱਕਿਆ, ਜੇਬ ਵਿਚ ਪਾ ਕੇ ਆਪਣੇ ਘਰ ਚਲਾ ਗਿਆ। ਇਸ ਮਨ ਦਾ ਕੀ ਭਰੋਸਾ ਹੈ। ਇਕ ਸਮੇਂ ਦਸ ਹਜ਼ਾਰ ਲਈ ਇਮਾਨਦਾਰ ਹੈ ਇਕ ਸਮੇਂ ਇਕ ਰੁਪਈਏ ਵਾਸਤੇ ਬੇਈਮਾਨ ਹੈ।



ਰਾਜਾ ਭਰਥਰੀ ਵੈਰਾਗ ਸ਼ੁੱਤਕ ਲਿਖਦਾ ਹੈ ਕਿ ਮੇਰੇ ਨਾਲ ਮੇਰੀ ਪਤਨੀ ਨੇ ਬੇਵਫ਼ਾਈ ਕੀਤੀ। ਮੈਂ ਤਾਂ ਨਿੱਤ ਹੀ ਉਸ ਦਾ ਸਿਮਰਨ ਕਰਦਾ ਰਹਿੰਦਾ ਸਾਂ। ਪਰ ਉਸ ਦਾ ਮਨ ਕਿਸੇ ਹੋਰ ਥਾਂ ਲੱਗਾ ਸੀ। ਮੈਨੂੰ ਠੋਕਰ ਉਸ ਵੇਲੇ ਲੱਗਾ ਜਦੋਂ ਪਤਾ ਲੱਗਾ ਪਤਨੀ ਦਾ ਮਨ ਮਹਾਵਤ ਨਾਲ ਲੱਗਾ ਹੈ। ਮਹਾਵਤ ਦਾ ਮਨ ਇਕ ਵੇਸ਼ਵਾ ਨਾਲ ਲੱਗਾ ਹੈ। ਮੈਂ ਸੋਚਿਆ ਇਹ ਸਾਰੀ ਦੁਨੀਆਂ ਹੀ ਧੋਖੇ ਨਾਲ ਭਰਪੂਰ ਹੈ। ਉਸ ਨੇ ਇਹ ਕਹਾਣੀ ਇੰਜ ਲਿਖੀ ਕਿ ਸੋਮ ਨਾਮੀ ਬ੍ਰਾਹਮਣ ਨੇ ਤਪੱਸਿਆ ਕਰਕੇ ਅਮਰ ਫਲ ਲਿਆ ਸੀ। ਉਹ ਫਲ ਜਿਹੜਾ ਖਾਏ ਉਸ ਦੀ ਸਦਾ ਜਵਾਨੀ ਬਣੀ ਰਹਿਣੀ ਸੀ ਉਹ ਫਲ ਉਸ ਨੇ ਭਰਥਰੀ ਨੂੰ ਦਿੱਤਾ। ਭਰਥਰੀ ਨੇ ਰਾਣੀ ਪਿੰਗਲਾ ਨੂੰ ਦਿੱਤਾ। ਰਾਣੀ ਨੇ ਮਹਾਵਤ ਨੂੰ ਦਿੱਤਾ। ਮਹਾਵਤ ਨੇ ਵੇਸ਼ਵਾ ਨੂੰ ਦਿੱਤਾ। ਵੇਸ਼ਵਾ ਨੇ ਫਿਰ ਲਿਆ ਕੇ ਰਾਜੇ ਭਰਥਰੀ ਨੂੰ ਦੇ ਦਿੱਤਾ। ਰਾਜੇ ਨੇ ਦਰਆਫ਼ਤ ਕੀਤਾ ਕਿ ਫ਼ਲ ਤਾਂ ਉਹੋ ਹੈ। ਇਹ ਕਿਥੋਂ-ਕਿਥੋਂ ਹੋ ਕੇ ਆਇਆ ਹੈ ਰਾਜੇ ਨੂੰ ਵੈਰਾਗ ਹੋ ਗਿਆ, ਲਿਖਦੇ ਹਨ।

**ਜਿਨਕੋ ਨਿਤ ਮੈ ਚਿਤਮੋ ਚਿਤਮੂੰ, ਤਿਨ ਕੀ ਰਤਿ ਮੋਹਿ ਤਨ ਮਾਹਿ ਰਤੀਨਾ।**
**ਵੋਹ ਔਰ ਪੁਮਾਨ ਕੇ ਸੰਗਿ ਰਤੀ, ਪੁਨ ਤਾਂ ਮਨ ਮਹਿ ਗਨਕਾ ਗ੍ਰਿਹਿ ਕੀਨਾ।**
**ਧ੍ਰਿਗ ਹੈ ਅਬਲਾ ਧ੍ਰਿਗ ਕੰਦ੍ਰਪ ਪੈ, ਔਰ ਮੋਹਿ ਧ੍ਰਿਕਾਰ ਜੁ ਮਾਰ ਅਧੀਨਾ।**
**ਇਤ ਰੀਤ ਸਮੂੰਹ ਕੀ ਪ੍ਰੀਤਿ ਤਜੀ ਨ੍ਰਿਪੁ ਹੋਇ ਜੁਗੀਸਰ ਈਸ਼ਰ ਚੀਨਾ।**
**(ਵੈਰਾਗ ਸ਼ੱਤਕ)**

ਭਰਥਰੀ ਜੋਗੀ ਬਣ ਗਿਆ। ਕਠਿਨ ਯੋਗ ਸਾਧਨਾ ਕੀਤੀ, ਔਖੇ ਤੋਂ ਔਖੀ ਸਾਧਨਾ ਕੀਤੀ। ਇਕ ਦਿਨ ਤੁਰੇ ਜਾ ਰਹੇ ਸਨ, ਰਾਤ ਚਾਂਦਨੀ ਸੀ ਚੰਦ ਦੀ ਚਾਂਦਨੀ ਵਿਚ ਕੋਈ ਚੀਜ਼ ਚਮਕੀ। ਇਸਨੇ ਵੇਖਿਆ ਤੇ ਜਾਪਿਆ ਕਿ ਲਾਲ ਪਿਆ ਚਮਕਦਾ ਹੈ। ਇਸ ਨੇ ਅੱਗੇ ਹੋ ਕੇ ਹੱਥ ਪਾਇਆ ਤਾਂ ਇਸ ਦਾ ਹੱਥ ਥੁੱਕ ਨਾਲ ਭਰ ਗਿਆ। ਅਸਲ ਵਿਚ ਉਹ ਕਿਸੇ ਨੇ ਪਾਨ ਖਾ ਕੇ ਥੁੱਕਿਆ ਸੀ। ਮਨ ਨੂੰ ਲੱਖ-ਲੱਖ ਫਿਟਕਾਰਾਂ ਪਾਈਆਂ ਅਤੇ ਕਿਹਾ ਮਨ ਦੱਸ ਤੇਰਾ ਕੀ ਭਰੋਸਾ ਹੈ। ਮੈਂ ਤਾਂ ਸਮਝਦਾ ਰਿਹਾ ਹਾਂ ਕਿ ਮੈਂ ਬਹੁਤ ਵੱਡਾ ਤਿਆਗੀ ਹਾਂ। ਮੇਰੇ ਤਿਆਗ ਦੀ ਹਰ ਸਾਧੂ ਮੰਡਲੀ ਵਿਚ, ਜੋਗੀਆਂ ਵਿਚ ਚਰਚਾ ਸੀ ਕਿ ਭਰਥਰੀ ਨੇ ਰਾਜ ਤਿਆਗ ਦਿੱਤਾ ਹੈ। ਰਾਜ ਨੂੰ ਲੱਤ ਮਾਰ ਦਿੱਤੀ ਹੈ। ਅੱਜ ਪਤਾ ਲੱਗਾ ਹੈ ਮੇਰੇ ਮਨ ਤੂੰ ਮੈਨੂੰ ਲੱਤ ਮਾਰ ਗਿਆ ਹੈ।

ਭਰਥਰੀ ਫਿਰ ਲਿਖਦੇ ਹਨ -

**ਰਤਨ ਜੜਤ ਮੰਡਪ ਤਜੇ ਤਜੀ ਸਹੰਸਰ ਨਾਰ।**
**ਅਜੇ ਬਾਸਨਾਂ ਨਹੀਂ ਤਜੀ ਹੇ ਮਨ ਤੋਹਿ ਧਿਕਾਰ।**

ਜੋਗਾ ਸਿੰਘ ਆਪਣੀ ਵਿਆਹੀ ਇਸਤਰੀ ਛੱਡ ਕੇ ਤਾਂ ਆ ਗਿਆ। ਚਾਹੁੰਦਾ ਤਾਂ ਪਤਨੀ ਨਾਲ ਲਿਆ ਸਕਦਾ ਸੀ ਕਿ ਚਲੋ ਰਹਿੰਦੀਆਂ ਲਾਵਾਂ ਸਤਿਗੁਰੂ ਦੀ ਹਜ਼ੂਰੀ ਵਿਚ ਲੈ ਲਵਾਂਗੇ। ਸਤਿਗੁਰਾਂ ਦਾ ਇਹੀ ਹੁਕਮ ਸੀ ਜਿਸ ਹਾਲਤ ਵਿਚ ਹੋਵੇ ਆ ਜਾਵੇ। ਇਹ ਹੁਕਮ ਤਾਂ ਨਹੀਂ ਸੀ ਕਿ ਕੋਈ ਨਾਲ

ਆਉਣਾ ਚਾਹੇ ਤਾਂ ਨਾਲ ਨਾ ਆਵੇ। ਪਰ ਹੰਕਾਰੀ ਮਨ ਬਹੁਤ ਕੁਝ ਕਰ ਦਿੰਦਾ ਹੈ। ਉਹੋ ਜੋਗਾ ਸਿੰਘ ਨੂੰ ਵਿਆਹ ਵੇਲੇ ਗੁਰੂ ਦਾ ਹੁਕਮ ਯਾਦ ਹੈ। ਉਹ ਕਹਿੰਦਾ ਹੈ ਕਿ ਮੈਨੂੰ ਪਤਨੀ ਨਾਲੋਂ ਗੁਰੂ ਦਾ ਹੁਕਮ ਪਿਆਰਾ ਹੈ। ਪਰ ਹੁਸ਼ਿਆਰਪੁਰ ਵੇਸ਼ਵਾ ਨੂੰ ਵੇਖਦਿਆਂ ਹੀ ਗੁਰੂ ਦਾ ਹੁਕਮ ਭੁੱਲ ਜਾਂਦਾ ਹੈ। ਉਹੀ ਮਨ ਹੈ, ਜਿਹੜਾ ਵਿਆਹ ਵੇਲੇ ਕਹਿ ਰਿਹਾ ਸੀ ਕਿ ਕਿਸੇ ਨੇ ਨਾਲ ਨਹੀਂ ਜਾਣਾ। ਇਹ ਸਾਰੇ ਮਿਥਿਆ ਰਿਸ਼ਤੇ ਹਨ ਜੋਗਾ ਸਿੰਘ ਇਨ੍ਹਾਂ ਸੰਬੰਧੀਆਂ ਦੇ ਪਿੱਛੇ ਲੱਗ ਕੇ ਗੁਰੂ ਦਾ ਪੱਲਾ ਨਾ ਛੱਡ। ਪਰ ਉਹੀ ਮਨ ਹੈ ਹੁਣ ਉਹੀ ਮਨ ਹੁਸ਼ਿਆਰਪੁਰ ਕਹਿ ਰਿਹਾ ਹੈ ਮੌਜ ਲੈ, ਇਥੇ ਤੈਨੂੰ ਕੌਣ ਵੇਖਦਾ ਪਿਆ ਹੈ। ਹੁਣ ਗੁਰੂ ਦਾ ਹੁਕਮ ਭੁੱਲ ਜਾਂਦਾ ਹੈ ਇਹ ਯਾਦ ਹੀ ਨਹੀਂ ਰਹਿੰਦਾ ਕਿ ਵੇਸ਼ਵਾ ਗਾਮੀ ਸਿੱਖ ਪਤਤ ਹੋ ਜਾਂਦਾ ਹੈ। ਮਨ ਉਹੀ ਹੈ ਪਰ ਇਸ ਮਨ ਦਾ ਕੀ ਭਰੋਸਾ ਹੈ। ਇਕ ਵਿਦਵਾਨ ਕਹਿੰਦੇ ਹਨ, ਕਿ ਕਈ ਵਾਰ ਇਹ ਭੁਲੇਖਾ ਪੈ ਜਾਂਦਾ ਹੈ ਕਿ ਮਨ ਮਰ ਗਿਆ ਹੈ। ਪਰ ਮਨ ਮਰਿਆ ਨਹੀਂ ਹੁੰਦਾ ਸਿਰਫ਼ ਸਮੇਂ ਨਾਲ ਹਾਲਾਤ ਅਜਿਹੇ ਬਣ ਜਾਂਦੇ ਹਨ ਕਿ ਮਨ ਦਬ ਜਾਂਦਾ ਹੈ। ਜਿਵੇਂ ਕਿ ਪਿੰਡਾਂ ਦੇ ਛੱਪੜ ਸੁੱਕਣ ਤੇ ਡੱਡੂ ਥੱਲੇ ਦੱਬੇ ਜਾਂਦੇ ਹਨ ਜਦੋਂ ਬਰਖਾ ਪੈਂਦੀ ਹੈ ਉਹ ਬੋਲਣ ਲੱਗ ਪੈਂਦੇ ਹਨ। ਇਕ ਵਿਦਵਾਨ ਦਾ ਲਿਖਿਆ ਦੋਹਿਰਾ ਹੈ :

**ਮੈ ਜਾਨਿਉ ਮਨ ਮਰ ਗਇਉ ਮਰਿਉ ਸੁ ਅਜਹੂ ਨਾਹਿ।**
**ਬਰਖਾ ਪਰੀ ਕੁਸੰਗ ਕੀ ਦਾਦਰ ਜਿਉ ਗਰੁੜਾਇ।**

ਕਬੀਰ ਸਾਹਿਬ ਇਸੇ ਲਈ ਕਹਿੰਦੇ ਹਨ ਮਨ ਨੂੰ ਮਾਰਨਾ ਨਹੀਂ, ਮਨ ਨੂੰ ਤਾਰਨਾ ਹੈ। ਮਨ ਡੁੱਬਾ ਪਿਆਹੈ ਇਸ ਨੂੰ ਉਬਾਰਨਾ ਹੈ, ਮਨ ਨੂੰ ਸੰਵਾਰਨਾ ਹੈ। ਮਰਿਆ ਮੁੱਕਿਆ ਤਾਂ ਅੱਗੇ ਹੀ ਹੈ ਇਸਨੂੰ ਨਵੀਂ ਜ਼ਿੰਦਗੀ ਦੇਣੀ ਹੈ।

**ਕਵਨ ਸੁ ਮੁਨ ਜੋ ਮਨ ਮਾਰੇ।**
**ਮਨ ਕਉ ਮਾਰਿ ਕਹਹੁ ਕਿਸ ਤਾਰੇ।**

ਮਨ ਗੁਰੂ ਦੇ ਅਰਪਨ ਕਰ ਦੇਣਾ ਹੈ। ਇਸਨੂੰ ਗੁਰੂ ਦੀ ਸ਼ਰਣ ਵਿਚ ਰੱਖ ਦੇਣਾ ਹੈ। ਤੇ ਮਨ ਨੂੰ ਸਮਝਾਉਣਾ ਹੈ ਕਿ :

**ਏ ਮਨ ਪਿਆਰਿਆ ਤੂ ਸਦਾ ਸਚ ਸਮਾਲੇ॥**
**ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥**
**ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥**
**ਐਸਾ ਕੰਮੁ ਮੂਲੇ ਨਾ ਕੀਚੈ ਜਿਤ ਅੰਤ ਪਛੋਤਾਈਐ॥**
**ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ॥**
**ਕਹੈ ਨਾਨਕ ਮਨ ਪਿਆਰੇ ਤੂ ਸਦਾ ਸਚੁ ਸਮਾਲੇ॥**

**(ਅਨੰਦ, ਪਉੜੀ ੧੧)**

ਇਸ ਨੂੰ ਕਾਬੂ ਕਰਨ ਦਾ ਤੇ ਠੀਕ ਵਰਤੋਂ ਕਰਨ ਦਾ ਸਿਰਫ਼ ਇਕੋ ਹੀ ਢੰਗ ਹੈ ਉਹ ਹੈ ਕਿ :

**ਮਨੁ ਬੇਚੈ ਸਤਿਗੁਰ ਕੈ ਪਾਸਿ॥**
**ਤਿਸੁ ਸੇਵਕ ਕੇ ਕਾਰਜ ਰਾਸਿ॥**

ਪਰ ਮਨ ਸੰਵਾਰਨ ਦਾ ਚਾਅ-ਉਮਾਹ ਤਾਂ ਹੀ ਆਵੇਗਾ ਜੇ ਬਹੀਐ ਪੜਿਆ ਪਾਸਿ।

* ਨਾਸਤਿਕ ਆਦਮੀ ਦਾ ਆਪਣਾ-ਆਪ 'ਤੇ ਭਰੋਸਾ ਜ਼ਿਆਦਾ ਹੁੰਦਾ ਹੈ, ਜਦੋਂ ਕਿ ਆਸਤਿਕ ਆਦਮੀ ਕਿਸੇ ਹੋਰ ਸ਼ਕਤੀ 'ਤੇ ਨਿਰਭਰ ਹੋ ਜਾਂਦਾ ਹੈ।
* ਵੱਡੇ ਦਰੱਖਤ ਦੇ ਹੇਠਾਂ ਜਿਸ ਤਰ੍ਹਾਂ ਛੋਟੇ ਪੌਦੇ ਪਨਪ ਨਹੀਂ ਸਕਦੇ, ਇਸੇ ਤਰ੍ਹਾਂ ਜੇ ਮਨੁੱਖ ਆਪਣੇ ਅੰਦਰ ਪਿਆਰ ਦਾ ਵੱਡਾ ਪੌਦਾ ਲਗਾ ਲਵੇ ਤਾਂ ਲੋਭ, ਹੰਕਾਰ, ਕ੍ਰੋਧ ਵਰਗੇ ਛੋਟੇ ਪੌਦੇ ਉਸ ਦੇ ਅੰਦਰ ਹੋਂਦ ਨਹੀਂ ਬਣਾ ਸਕਦੇ।
* ਭੀੜ ਵਿਚ ਰਹਿ ਕੇ ਕੁਝ ਵੀ ਪ੍ਰਾਪਤ ਨਹੀਂ ਹੋ ਸਕਦਾ, ਜਿਸ ਨੇ ਵੀ ਕੁਝ ਪਾਇਆ ਹੈ ਭੀੜ ਵਿੱਚੋਂ ਬਾਹਰ ਹੋ ਕੇ ਪਾਇਆ ਹੈ।
* ਬਹੁਤਾ ਪੈਸਾ ਹੋਣ ਕਰਕੇ ਬਹੁਤ ਵਾਰੀ ਹੰਕਾਰ, ਕ੍ਰਾਮ, ਕ੍ਰੋਧ ਆ ਜਾਂਦਾ ਹੈ ਪਰ ਘੱਟ ਪੈਸਾ ਹੋਣ ਕਰਕੇ ਸਿਰਫ਼ ਪ੍ਰੇਸ਼ਾਨੀਆਂ ਆਉਂਦੀਆਂ ਹਨ।
* ਸਿੱਖਿਆ ਸਰਲ ਭਾਸ਼ਾ ਵਿਚ ਦੇਣੀ ਚਾਹੀਦੀ ਹੈ ਜੋ ਕਿ ਅਸਾਨੀ ਨਾਲ ਯਾਦ ਰੱਖੀ ਜਾ ਸਕੇ। ਔਖਾ ਗਿਆਨ ਮਾਸੂਮ ਜਿਹੇ ਦਿਲ ਵਿਚ ਸੰਭਾਲਣਾ ਔਖਾ ਹੁੰਦਾ ਹੈ।
* ਜੇ ਨੌਕਰਾਂ 'ਤੇ ਧਿਆਨ ਨਾ ਰੱਖਿਆ ਜਾਵੇ ਤਾਂ ਨੌਕਰ ਤੁਹਾਡਾ ਵਿਸ਼ਵਾਸਘਾਤ ਕਰਨ ਵਿਚ ਕਦੇ ਵੀ ਦੇਰੀ ਨਹੀਂ ਕਰੇਗਾ।
* ਮਨੁੱਖ ਦੋ ਰਿਸ਼ਤਿਆਂ ਨੂੰ ਬੜੀ ਸ਼ਿਦਤ ਨਾਲ ਉਡੀਕਦਾ ਹੈ, ਸ਼ਾਦੀ ਤੋਂ ਪਹਿਲਾਂ ਪ੍ਰੇਮਿਕਾ ਨੂੰ ਅਤੇ ਸ਼ਾਦੀ ਤੋਂ ਬਾਅਦ ਬੱਚਿਆਂ ਨੂੰ।
* ਜੋ ਲੋਕ ਪੈਸਾ ਲੈ ਕੇ ਗਿਆਨ ਦਿੰਦੇ ਹਨ ਉਨ੍ਹਾਂ ਦਾ ਗਿਆਨ ਬਹੁਤ ਅਸਰਦਾਰ ਨਹੀਂ ਹੁੰਦਾ।
* ਸਾਰੇ ਲੋਕਾਂ ਨੂੰ ਗ਼ੈਰਾਂ ਵਾਂਗ ਅਲਵਿਦਾ ਨਹੀਂ ਕਿਹਾ ਜਾ ਸਕਦਾ, ਕਈ ਲੋਕ ਵਿਛੜਨ ਵੇਲੇ ਬੜੇ ਦੁਖੀ ਕਰ ਜਾਂਦੇ ਹਨ।

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

# ਮਾਰਚ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ

ਪੰਜਾਬ ਇੰਜੀਨੀਰਿੰਗ ਕਾਲਜ (ਡੀਮਡ ਯੂਨੀਵਰਸਿਟੀ) ਵਿਚ ਐਡਮਿਸ਼ਨ ਵਿਚ ਓ.ਬੀ.ਸੀ ਦੀ ਰੀਜ਼ਰਵੇਸ਼ਨ ਦੀ ਪਾਲਿਸੀ ਨੂੰ ਕਈ ਸਾਲਾਂ ਤੋਂ ਲਾਗੂ ਨਹੀਂ ਕੀਤਾ ਜਾ ਰਿਹਾ, ਜਿਸ ਕਾਰਨ ਓ.ਬੀ.ਸੀ ਦੇ ਤਕਰੀਬਨ 200 ਵਿਦਿਆਰਥੀਆਂ ਨੂੰ ਹਰ ਸਾਲ ਦਾਖਲੇ ਵਿੱਚ ਨੁਕਸਾਨ ਹੋ ਰਿਹਾ ਹੈ। ਇਸ ਬਾਰੇ ਪ੍ਰਧਾਨ ਮੰਤਰੀ, ਗਵਰਨਰ ਆਫ ਪੰਜਾਬ ਅਤੇ 15 ਹੋਰ ਸਬੰਧਤ ਅਧਿਕਾਰੀਆਂ ਨੂੰ ਅਰਧ ਸਰਕਾਰੀ ਪੱਤਰ ਨੰ ਬ.ਮ.ਸ਼.ਲ/5346 ਮਿਤੀ 1-02-2018 ਰਾਹੀਂ ਬੇਨਤੀ ਕੀਤੀ ਗਈ ਸੀ, ਕਿ ਪੰਜਾਬ ਇੰਜੀਨੀਅਰਿੰਗ ਕਾਲਜ਼ ਵਿੱਚ ਓ.ਬੀ.ਸੀ ਦੀ ਰੀਜ਼ਰਵੇਸ਼ਨ ਦੀ ਪੋਲਿਸੀ ਲਾਗੂ ਕੀਤੀ ਜਾਵੇ। ਇਸ ਤਰ੍ਹਾਂ ਦੇ ਪੱਤਰ ਚਾਰ ਹੋਰ ਭਵਨਾਂ ਦੀਆਂ ਸੰਸਥਾਵਾਂ ਵੱਲੋਂ ਵੀ ਲਿਖੇ ਗਏ ਸਨ। ਇਹ ਮਾਮਲਾ ਯੂਨੀਅਨ ਟੈਰੀਟਰੀ ਅਤੇ ਕਾਲਜ਼ ਦੇ ਪ੍ਰਿੰਸੀਪਲ ਨਾਲ ਵੀ ਲਿਆ ਗਿਆ ਸੀ। ਇਸ ਕੇਸ ਦੀ ਸਪੋਰਟ ਵਿਚ ਕਾਫੀ ਲੋੜੀਂਦੇ ਦੇ ਡਾਕੂਮੈਂਟ ਹਾਸਲ ਕਰ ਲਏ ਗਏ ਹਨ। ਇਹ ਸਰਾਸਰ ਭਾਰਤੀ ਸੰਵਿਧਾਨ ਦੀ ਉਲੰਘਣਾਂ ਹੈ। ਭਾਰਤ ਸਰਕਾਰ ਵੱਲੋਂ ਇਸ ਦਾ ਜਵਾਬ ਮਿਤੀ 13-03-2018 ਨੂੰ ਆ ਗਿਆ ਹੈ, ਕਿ ਸਬੰਧਤ ਮੰਤਰਾਲਿਆ ਨੂੰ ਕਾਰਵਾਈ ਲਈ ਭੇਜ ਦਿੱਤਾ ਗਿਆ ਹੈ ਤੇ ਇਸ ਬਾਰੇ ਜੋ ਵੀ ਸਰਕਾਰ ਦਾ ਫੈਸਲਾ ਹੋਇਆ ਆਪ ਜੀ ਨੂੰ ਸੂਚਿਤ ਕਰ ਦਿੱਤਾ ਜਾਵੇਗਾ।

ਇਸ ਬਾਰੇ ਪੰਜ ਭਵਨਾਂ ਦੇ ਅਹੁਦੇਦਾਰਾਂ ਦੀ ਮੀਟਿੰਗ ਗੁਜਰ ਭਵਨ ਵਿੱਚ ਮਿਤੀ 12-03-2018 ਨੂੰ ਬੁਲਾਈ ਗਈ ਸੀ। ਜਿਸ ਵਿੱਚ (1) ਗੁਜਰ ਭਵਨ (2) ਸੈਣੀ ਭਵਨ (3) ਰਾਮਗੜ੍ਹੀਆ ਭਵਨ(4) ਲੁਬਾਣਾ ਭਵਨ (5) ਯਾਦਵ ਭਵਨ ਦੇ ਪ੍ਰਧਾਨ ਅਤੇ ਦੋਦੋ ਹੋਰ ਅਹੁਦੇਦਾਰਾਂ ਨੇ ਭਾਗ ਲਿਆ ਸੀ। ਲੁਬਾਣਾ ਭਵਨ ਦੇ ਪ੍ਰਧਾਨ ਸਮੇਤ ਮੀਤ ਪ੍ਰਧਾਨ ਸ. ਬਲਵਿੰਦਰ ਸਿੰਘ ਮੁਲਤਾਨੀ ਅਤੇ ਸੈਕਟਰੀ ਸ. ਰਵਿੰਦਰ ਸਿੰਘ ਨੇ ਮੀਟਿੰਗ ਵਿੱਚ ਹਿੱਸਾ ਲਿਆ। ਮੀਟਿੰਗ ਵਿਚ ਇਹ ਫੈਸਲਾ ਕੀਤਾ ਗਿਆ ਸੀ ਕਿ ਕੋਰਟ ਵਿਚ ਜਾਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਸਾਲ ਦੇ ਦਾਖਲੇ ਤੋਂ ਪਹਿਲਾਂ ਇਹ ਪਾਲਿਸੀ ਲਾਗੂ ਹੋਣੀ ਚਾਹੀਦੀ ਹੈ, ਕਿਉਂਕਿ ਸਰਕਾਰ ਇਸ ਦਾ ਜਵਾਬ ਨਹੀਂ ਦੇ ਸਕਦੀ ਪਰ ਲੇਟ ਕਰ ਸਕਦੀ ਹੈ। ਇਸ ਦੀ ਰਿਟ ਹਾਈ ਕੋਰਟ ਵਿਚ 23-03-2018 ਨੂੰ ਦਾਖਲ ਕਰ ਦਿੱਤੀ ਗਈ ਹੈ ਅਤੇ ਡਬਲ ਬੈਂਚ ਤੇ ਇਸ ਦੀ ਸੁਣਵਾਈ 26-03-2018 ਨੂੰ ਹੋ ਚੁੱਕੀ ਹੈ ਅਤੇ ਉਸਦੀ ਅਗਲੀ ਮਿਤੀ 23-04-2018 ਪਾ ਦਿੱਤੀ ਗਈ ਹੈ। ਇਸਦੇ ਨਾਲ ਹੀ ਸਰਕਾਰ ਨੂੰ ਇਸ ਬਾਰੇ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ।

ਸਭ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਬਾਰੇ ਜੋ ਵੀ ਬੱਚੇ ਵਿਚ ਦਾਖਲੇ ਵਾਸਤੇ ਇਛੁੱਕ ਹਨ ਉਹ ਜ਼ਰੂਰ ਆਪਣੀ ਅਰਜ਼ੀ ਭੇਜਣ ਅਤੇ ਓ.ਬੀ.ਸੀ ਦੀ ਰੀਜ਼ਰਵੇਸ਼ਨ ਦਾ ਫਾਇਦਾ ਲੈਣ। ਇਸਦੀ ਕੋਈ ਹੋਰ ਪ੍ਰੋਗਰੈਸ ਪਤਾ ਲੱਗੇ ਤਾਂ ਮੈਗਜ਼ੀਨ ਰਾਹੀਂ ਸੂਚਿਤ ਕੀਤਾ ਜਾਵੇਗਾ।



14-03-2018 ਸੰਗਰਾਂਦ ਵਾਲੇ ਦਿਨ ਸ. ਗੁਰਪਾਲ ਸਿੰਘ ਅਤੇ ਸਾਰੇ ਕਮੇਟੀ ਮੈਂਬਰਾਂ ਵੱਲੋਂ ਗੁਰੂ ਲਾਧੋ ਰੇ ਗੁਰਦੁਆਰਾ ਸਾਹਿਬ ਨਰਾਇਣਗੜ੍ਹ ਵਿਚ ਇਕ ਧਾਰਮਿਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਦਾ ਸਮਾਂ ਸ਼ਾਮ 4 ਵਜੇ ਤੋਂ ਰਾਤ 10 ਵਜੇ ਤੱਕ ਦਾ ਰੱਖਿਆ ਗਿਆ ਸੀ। ਇਹ ਪ੍ਰੋਗਰਾਮ ਸੁਖਮਨੀ ਸਾਹਿਬ ਦੇ ਪਾਠ ਤੋਂ ਅੰਰਭ ਹੋਇਆ ਸੀ। ਸੁਖਮਨੀ ਸਾਹਿਬ ਦੇ ਪਾਠ ਉਪਰੰਤ ਕੀਰਤਨ ਦਰਬਾਰ ਅਤੇ ਢਾਡੀ ਜੱਥੇ ਨੇ ਸੰਗਤਾਂ ਨੂੰ ਨਿਹਾਲ ਕੀਤਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ ਵੱਲੋਂ ਪ੍ਰਧਾਨ ਸ. ਜਗੀਰ ਸਿੰਘ ਲਾਲੀਆ ਸਮੇਤ ਮੀਤ ਪ੍ਰਧਾਨ ਸ. ਗੁਲਸ਼ਨ ਕੁਮਾਰ ਸਿੰਘ, ਮੀਤ ਪ੍ਰਧਾਨ ਸ. ਬਲਵਿੰਦਰ ਸਿੰਘ ਮੁਲਤਾਨੀ ਅਤੇ ਵਿੱਤ ਸਕੱਤਰ ਸ. ਹਰਦਿਆਲ ਸਿੰਘ ਘੋਤੜਾ ਨੇ ਹਿੱਸਾ ਲਿਆ।

ਇਸ ਪ੍ਰੋਗਰਾਮ ਵਿੱਚ ਸੰਗਤਾਂ ਦਾ ਭਾਰੀ ਇਕੱਠ ਸੀ।



ਸ. ਗੁਰਪਾਲ ਸਿੰਘ ਜੀ ਨੇ ਆਏ ਹੋਏ ਮਹਿਮਾਨਾਂ ਦਾ ਸੁਆਗਤ ਕੀਤਾ ਅਤੇ ਦੱਸਿਆ ਕਿ 'ਗੁਰੂ ਲਾਧੋ ਰੇ' ਗੁਰਦੁਆਰਾ ਪਹਿਲਾਂ 3 ਕਨਾਲ ਜ਼ਮੀਨ ਤੇ ਸ਼ੁਰੂ ਕੀਤਾ ਗਿਆ ਸੀ, ਪਰ ਹੁਣ 6 ਕਨਾਲ ਜ਼ਮੀਨ ਹੋਰ ਖਰੀਦੀ ਗਈ ਹੈ ਤੇ ਇਸ ਅਸਥਾਨ ਤੇ ਗੁਰੂ ਲਾਧੋ ਰੇ ਭਵਨ ਦੀ ਉਸਾਰੀ ਕੀਤੀ ਜਾਵੇਗੀ। ਸ. ਗੁਰਪਾਲ ਸਿੰਘ ਜੀ ਨੇ ਦੱਸਿਆ ਕਿ 30-32 ਪਿੰਡ ਲੁਬਾਣਾ ਬਰਾਦਰੀ ਦੇ ਨਰਾਇਣਗੜ੍ਹ ਤਸੀਲ ਵਿੱਚ ਪੈਂਦੇ ਹਨ। ਸਾਰੀ ਸੰਗਤ ਨੇ ਭਵਨ ਬਣਾਉਣ ਦਾ ਫੈਸਲਾ ਕੀਤਾ ਹੈ। ਸਾਰੀ ਸਕੀਮ ਬਣਾਉਣ ਤੋਂ ਬਾਅਦ ਇਸ ਦਾ ਨਿਰਮਾਣ ਸ਼ੁਰੂ ਕੀਤਾ ਜਾਵੇ। ਪ੍ਰਧਾਨ ਸ. ਜਗੀਰ ਸਿੰਘ ਲਾਲੀਆ ਜੀ ਨੇ ਇਨਾਂ ਭਾਰੀ ਇਕੱਠ ਕਰਨ ਤੇ ਅਤੇ ਭਵਨ ਦੀ ਉਸਾਰੀ ਦੀ ਯੋਜਨਾਂ ਬਣਾਉਣ ਦੀ ਸਿਫ਼ਤ ਕੀਤੀ ਅਤੇ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਚੰਡੀਗੜ੍ਹ ਵੱਲੋਂ ਪੂਰਾ ਸਹਿਯੋਗ ਦੇਣ ਦਾ ਵਾਇਦਾ ਵੀ ਕੀਤਾ। ਇਲਾਕੇ ਦੇ ਹੋਰ ਪਤਵੰਤੇ ਸੱਜਣਾ ਨੇ ਵੀ ਇਸ ਭਾਰੀ ਇਕੱਠ ਨੂੰ ਸੰਬੋਧਨ ਕੀਤਾ।



ਸ਼ਾਮ 8 ਵਜੇ ਵੱਲੋਂ 'ਗੁਰੂ ਲਾਧੋ ਰੇ' ਡਰਾਮਾ ਅਤੇ ਸਾਉਂਡ ਪ੍ਰੋਗਰਾਮ ਜੋ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ ਵੱਲੋਂ ਤਿਆਰ ਕੀਤਾ ਗਿਆ ਹੈ, ਸ਼ੁਰੂ ਕੀਤਾ ਗਿਆ। ਸਾਰੇ ਹੀ ਇਕੱਠ ਨੇ ਬੜੇ ਸ਼ਾਂਤਮਈ ਢੰਗ ਨਾਲ ਡਰਾਮੇ ਅਤੇ ਸਾਉਂਡ ਦੇ ਪ੍ਰੋਗਰਾਮ ਨੂੰ ਦੇਖਿਆ ਅਤੇ ਅਨੰਦ ਮਾਣਿਆ। ਰਾਤ 10 ਵਜੇ ਤੱਕ ਸਾਰਾ ਪ੍ਰੋਗਰਾਮ ਚਲਦਾ ਰਿਹਾ ਅਤੇ ਨੌਜ਼ਵਾਨਾਂ, ਬਜ਼ੁਰਗਾਂ, ਬੱਚਿਆਂ ਅਤੇ ਔਰਤਾਂ ਨੇ ਡਰਾਮਾਂ ਬਹੁਤ ਪਸੰਦ ਕੀਤਾ। ਸ. ਚਰਨਜੀਤ ਸਿੰਘ ਲੁਬਾਣਾ ਜੋ ਬਾਬਾ ਮੱਖਣ ਸ਼ਾਹ ਲੁਬਾਣਾ ਦਾ ਕਿਰਦਾਰ ਨਿਭਾ ਰਹੇ ਸਨ ਨੇ ਡਰਾਮੇ ਦੇ ਸਾਰੇ ਐਕਟਰਾਂ ਅਤੇ ਰਾਈਟਰ ਆਦਿ ਸਭ ਨਾਲ ਜਾਣ ਪਛਾਣ ਕਰਵਾਈ ਅਤੇ ਸ. ਜਗੀਰ ਸਿੰਘ ਲਾਲੀਆ ਪ੍ਰਧਾਨ ਨੇ ਸਾਰੇ ਐਕਟਰਾਂ ਅਤੇ ਸ. ਚਰਨਜੀਤ ਸਿੰਘ ਲੁਬਾਣਾ ਨੂੰ ਸ਼ਾਬਾਸ਼ ਦਿੱਤੀ ਅਤੇ ਧੰਨਵਾਦ ਕੀਤਾ। ਅਖੀਰ ਸਭ ਅਦਾਕਾਰਾਂ ਨੂੰ ਇਨਾਮ ਦੇ ਕੇ ਪ੍ਰੋਗਰਾਮ ਖਤਮ ਕੀਤਾ ਗਿਆ।

ਮੈਰਿਟ ਕਮ ਮੀਨਜ਼ ਸਕਾਲਰਸ਼ਿਪ ਦੇ ਅਧੀਨ 20-17-2018 ਵਿਚ 108 ਬੱਚਿਆਂ ਨੂੰ ਸਕਾਲਰਸ਼ਿਪ ਕਮੇਟੀ ਵੱਲੋਂ ਚੁਣਿਆ ਗਿਆ ਸੀ। ਜਿਸ ਨੂੰ ਦਸੰਬਰ 2017 ਤੱਕ ਦੇ ਸਕਾਲਰਸ਼ਿਪ ਦੇ ਚੈੱਕ ਭੇਜ ਦਿੱਤੇ ਗਏ ਸਨ। ਦਸੰਬਰ ਤੱਕ 5,03,600/-ਰੁ : ਦੇ ਸਕਾਲਰਸ਼ਿਪ ਦੇ ਚੈੱਕ ਭੇਜ ਦਿੱਤੇ ਗਏ ਹਨ ਅਤੇ 1,41,000/- ਰੁ: ਦਾ ਬਕਾਇਆ ਤਿੰਨ ਮਹੀਨੇ ਦਾ ਸਕਾਲਰਸ਼ਿਪ ਰੀਲੀਜ਼ ਕੀਤਾ ਜਾ ਰਿਹਾ ਹੈ, ਜਿਸ ਦੇ ਚੈੱਕ 1 ਅਪ੍ਰੈਲ ਤੋਂ ਭੇਜ ਦਿੱਤੇ ਜਾਣਗੇ।



28 ਮਾਰਚ 2018 ਨੂੰ ਪਿੰਡ ਭੂਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਨੌਜਵਾਨ ਸਭਾ ਭੂਲਪੁਰ ਵੱਲੋਂ ਸ. ਵਰਿੰਦਰ ਸਿੰਘ ਅਤੇ ਬੂਟਾ ਸਰਪੰਚ ਦੀ ਅਗਵਾਹੀ ਹੇਠ ਦੂਜਾ 108ਵਾਂ ਸੰਤ ਬਾਬਾ ਰਘਬੀਰ ਸਿੰਘ ਯਾਦਗੀ ਕਬੱਡੀ ਕੱਪ ਕਰਵਾਇਆ ਗਿਆ। ਜਿਸ ਦਾ ਉਦਘਾਟਨ ਸ. ਕਾਬਲ ਸਿੰਘ ਅਤੇ ਸ. ਗੁਰਨਾਮ ਸਿੰਘ ਨੇ ਕੀਤਾ ਅਤੇ ਇਨਾਮਾਂ ਦੀ ਵੰਡ ਸਾਬਕਾ ਮੰਤਰੀ ਸ. ਬਲਬੀਰ ਸਿੰਘ ਮਿਆਣੀ, ਸ. ਜੋਗਿੰਦਰ ਸਿੰਘ ਗਿਲਜੀਆਂ ਮੈਂਬਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਅਤੇ ਸ. ਜਗੀਰ ਸਿੰਘ ਲਾਲੀਆ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ ਨੇ ਸਾਂਝੇ ਤੌਰ ਤੇ ਕੀਤਾ।

**ਮੈਡੀਕਲ ਵਿੰਗ ਬਾਰੇ:-**

ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ 30ਏ ਚੰਡੀਗੜ੍ਹ ਵਿਖੇ ਮੈਡੀਕਲ ਓ.ਪੀ.ਡੀ, ਕਲੀਨਿਕਲ ਲੈਬ ਅਤੇ ਡੈਂਟਲ ਵਿਚ ਚੈੱਕਅਪ ਚੱਲ ਰਹੇ ਹਨ। ਮਾਰਚ ਮਹੀਨੇ ਦੇ ਚੈੱਕਅਪ ਅਤੇ ਇਲਾਜ ਦਾ ਵੇਰਵਾ ਇਸ ਤਰ੍ਹਾਂ ਹੈ:-

1. ਮੈਡੀਕਲ ਓ.ਪੀ.ਡੀ – 219
2. ਮੈਡੀਕਲ ਲੈਬ – 58
3. ਡੈਂਟਲ ਕਲੀਨਿਕ – 40

**ਮੈਡੀਕਲ ਕੈਂਪ ਬਾਰੇ :-**

ਮਾਰਚ ਦੇ ਮਹੀਨੇ ਵਿੱਚ ਪਿੰਡਾਂ ਅਤੇ ਸ਼ਹਿਰਾਂ ਵਿੱਚ ਗਿਆਰਾਂ (11) ਕੈਂਪ ਲਗਾਏ ਗਏ। ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:-

| ਲੜੀ ਨੰ. | ਸਥਾਨ | ਮਰੀਜ਼ |
|---|---|---|
| 1. | ਚੜ ਦੀ ਪੱਤੀ ਬੇਗੋਵਾਲ | 57 |
| 2. | ਚੜ ਦੀ ਪੱਤੀ ਬੋਗੋਵਾਲ | 56 |
| 3. | ਸਰੂਪਵਾਲ, ਬੇਗੋਵਾਲ | 28 |
| 4. | ਗੁਰੂ ਤੇਗ ਬਹਾਦਰ ਨਗਰ ਜਲੰਧਰ | 48 |
| 5. | ਸੰਤ ਪ੍ਰੇਮ ਸਿੰਘ ਖਾਲਸਾ ਸਕੂਲ ਬੇਗੋਵਾਲ | 30 |
| 6. | ਦਸ਼ਮੇਸ਼ ਨਗਰ ਪਠਾਨਕੋਟ | 49 |
| 7. | ਪਠਾਨਕੋਟ | 69 |
| 8. | ਵਿਲੇ ਨੋਸ਼ਹਿਰਾ ਪਠਾਨਕੋਟ | 85 |
| 9. | ਮਿਰਥਲ | 85 |
| 10. | ਭੂਲਪੁਰ | 63 |
| 11. | ਗਰੋਵਰ ਕਲੋਨੀ ਜਲੰਧਰ | 42 |

**ਜਗੀਰ ਸਿੰਘ ਲਾਲੀਆ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ,**
**(ਰਜਿ.) ਸੈਕਟਰ-30ਏ ਚੰਡੀਗੜ੍ਹ**

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਸੁਰਿੰਦਰ ਸਿੰਘ ਰੂਬੀ,**
**M.: 98141-28181**
**Email: ruby.surinder57@gmail.com,**

# ਖੇਡ ਮੇਲੇ ਅਤੇ ਸਭਿਆਚਾਰਕ ਪ੍ਰੋਗਰਾਮ

ਜੋਗਿੰਦਰ ਸਿੰਘ ਅਜੈਬ
ਆਊਟਲਾਈਨ ਐਡੀਟਰ
98152-69145

## ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਭੂਲਪੁਰ ਵਿਚ ਦੂਜਾ ਸੰਤ ਰਘਬੀਰ ਸਿੰਘ ਯਾਦਗਾਰੀ ਕਬੱਡੀ ਕੱਪ ਕਰਵਾਇਆ ਗਿਆ




ਪਿੰਡ ਭੂਲਪੁਰ ਵਿਖੇ ਨੌਜਵਾਨ ਸਭਾ ਭੂਲਪੁਰ ਵੱਲੋਂ ਪ੍ਰਧਾਨ ਵਰਿੰਦਰ ਸਿੰਘ ਤੇ ਬੂਟਾ ਸਰਪੰਚ ਦੀ ਅਗਵਾਈ ਹੇਠ ਦੂਜਾ 108 ਸੰਤ ਬਾਬਾ ਰਘਬੀਰ ਸਿੰਘ ਯਾਦਗਾਰੀ ਕਬੱਡੀ ਕੱਪ ਕਰਵਾਇਆ ਗਿਆ। ਕਬੱਡੀ ਕੱਪ ਦਾ ਉਦਘਾਟਨ ਕਾਂਗਰਸੀ ਆਗੂ ਕਾਬਲ ਸਿੰਘ ਭੂਲਪੁਰ ਤੇ ਗੁਰਨਾਮ ਸਿੰਘ ਨੇ ਸਾਂਝੇ ਤੌਰ ’ਤੇ ਕੀਤਾ। ਲੜਕੀਆਂ ਦੇ ਮੈਚ ਵਿਚ ਮਾਈ ਭਾਗੋ ਕਬੱਡੀ ਕਲੱਬ ਜਗਤਪੁਰਾ ਹਰਿਆਣਾ ਨੇ ਮੱਝਾ ਕਬੱਡੀ ਕਲੱਬ ਵਾਲੀਆ ਅੰਮ੍ਰਿਤਸਰ ਨੂੰ 23-18 ਅੰਕਾਂ ਨਾਲ ਹਰਾ ਕੇ ਪਹਿਲਾ ਇਨਾਮ ਜਿੱਤਿਆ। ਕਬੱਡੀ ਕੱਪ ਦੇ ਬੈਸਟ ਧਾਵੀ ਯਾਦਾ ਸੁਰਖਪੁਰ ਤੇ ਬੈਸਟ ਰੇਡਰ ਬਿੱਲੂ ਗੁਰਾਇਆ ਸੰਧਰਾ ਨੂੰ ਚੁਣਿਆ ਗਿਆ, ਜਿਨ੍ਹਾਂ ਦਾ ਮੋਟਰਸਾਈਕਲ ਨਾਲ ਸਨਮਾਨ ਕੀਤਾ ਗਿਆ। ਇਨਾਮਾਂ ਦੀ ਵੰਡ ਸਾਬਕਾ ਮੰਤਰੀ ਚੌਧਰੀ ਬਲਵੀਰ ਸਿੰਘ ਮਿਆਣੀ, ਜੋਗਿੰਦਰ ਸਿੰਘ ਗਿਲਜੀਆਂ, ਸ. ਜਗੀਰ ਸਿੰਘ ਲਾਲੀਆ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਨੇ ਸਾਂਝੇ ਤੌਰ ’ਤੇ ਕੀਤੀ। ਉਨ੍ਹਾਂ ਖਿਡਾਰੀਆਂ ਨੂੰ ਇਨਾਮ ਤਕਸੀਮ ਕਰਦੇ ਹੋਏ ਸਿਹਤ ਭਰੀਆਂ ਗੱਲਾਂ ਨਾਲ ਨਿਵਾਜਿਆ ਅਤੇ ਖੇਡਾਂ ’ਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਆ।

ਇਸ ਮੌਕੇ ਐਡਵੋਕੇਟ ਲਖਵੀਰ ਸਿੰਘ ਲੱਖੀ, ਸਰਪੰਚ ਗੋਲਡੀ ਮੁਲਤਾਨੀ, ਕੁਲਜੀਤ ਸਿੰਘ, ਪ੍ਰਧਾਨ ਜੋਗਿੰਦਰ ਸਿੰਘ, ਡਾ. ਕਰਨੈਲ ਸਿੰਘ ਜਲੰਧਰ, ਗੁਰਪ੍ਰੀਤ ਸਿੰਘ, ਕਮਲਜੀਤ ਸਿੰਘ, ਦੀਪੀ ਅਮਰੀਕਾ, ਦਿਲਬਾਗ ਸਿੰਘ, ਦਰਸ਼ਨ ਸਿੰਘ, ਮਹਿੰਦਰ ਸਿੰਘ, ਅਵਤਾਰ ਸਿੰਘ ਡੀ.ਐਸ.ਪੀ. (ਰਿਟਾ.), ਮਹਿੰਦਰ ਸਿੰਘ ਡੀ.ਐਸ.ਪੀ. (ਰਿਟਾ.), ਗੁਰਮੀਤ ਸਿੰਘ ਦਬੁਰਜੀ, ਮਲਕੀਤ ਸਿੰਘ, ਗੁਰਜੀਤ ਸਿੰਘ ਬਿੱਲਾ, ਅਮਰੀਕ ਸਿੰਘ ਆੜ੍ਹਤੀ, ਸਵਰਨ ਸਿੰਘ, ਜਸਵੰਤ ਸਿੰਘ, ਅਜੀਤ ਸਿੰਘ, ਕੁਲਜੀਤ ਸਿੰਘ ਸੋਨੂੰ, ਸੁਖਵਿੰਦਰ ਸਿੰਘ ਗੁੱਜਰ ਆਦਿ ਹਾਜ਼ਰ ਸਨ।

# ਗੁਰੂ ਗੋਬਿੰਦ ਸਿੰਘ ਇੰਟਰਨੈਸ਼ਨਲ ਸਪੋਰਟਸ ਐਂਡ ਕਲਚਰਲ ਕਲੱਬ ਬੇਗੋਵਾਲ ਜ਼ਿਲ੍ਹਾ ਕਪੂਰਥਲਾ ਦਾ ਖੇਡ ਮੇਲਾ





ਗੁਰੂ ਗੋਬਿੰਦ ਸਿੰਘ ਇੰਟਰਨੈਸ਼ਨਲ ਸਪੋਰਟਸ ਐਂਡ ਕਲਚਰਲ ਕਲੱਬ ਬੇਗੋਵਾਲ ਦਾ ਦੋ ਰੋਜ਼ਾ ਖੇਡ ਮੇਲਾ ਸੰਤ ਪ੍ਰੇਮ ਸਿੰਘ ਖ਼ਾਲਸਾ ਸਕੂਲ ਦੀ ਗਰਾਊਂਡ 'ਚ ਪ੍ਰਧਾਨ ਵਿਕਰਮਜੀਤ ਸਿੰਘ ਵਿੱਕੀ ਤੇ ਚੇਅਰਮੈਨ ਜਸਵੰਤ ਸਿੰਘ ਫਰਾਂਸ ਦੀ ਅਗਵਾਈ ਹੇਠ ਕਰਵਾਇਆ ਗਿਆ ਜਿਸ ਦਾ ਉਦਘਾਟਨ ਜ਼ਿਲ੍ਹਾ ਪ੍ਰੀਸ਼ਦ ਕਪੂਰਥਲਾ ਦੇ ਚੇਅਰਮੈਨ ਯੁਵਰਾਜ ਭੁਪਿੰਦਰ ਸਿੰਘ ਅਤੇ ਕਲੱਬ ਦੇ ਸੀਨੀਅਰ ਮੈਂਬਰਾਂ ਨੇ ਕੀਤਾ। ਇਸ ਮੌਕੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਯੁਵਰਾਜ ਭੁਪਿੰਦਰ ਸਿੰਘ ਨੇ ਕਿਹਾ ਕਿ ਮਾਂ ਖੇਡ ਕਬੱਡੀ ਨੂੰ ਜਿੱਥੇ ਦੇਸ਼ ਵਿਦੇਸ਼ 'ਚ ਪ੍ਰਫੁੱਲਿਤ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਸਰਕਾਰ 'ਚ ਉਪਰਾਲਾ ਕੀਤਾ ਸੀ ਉਸ ਨਾਲ ਅੱਜ ਇਹ ਖੇਡ ਫਿਰ ਖੇਡ ਮੇਲਿਆਂ ਦਾ ਜਿੱਥੇ ਸ਼ਿੰਗਾਰ ਬਣੀ ਹੈ ਉਥੇ ਇਹ ਖੇਡ ਕਰੋੜਾਂ ਦੀ ਹੋ ਗਈ ਹੈ।

ਇਕ ਪਿੰਡ ਓਪਨ ਦੇ ਮੈਚ, ਮੋਟਰਸਾਈਕਲਾਂ, ਊਠਾਂ ਤੇ ਘੋੜਿਆਂ 'ਤੇ ਸਟੰਟ, ਭੰਗੜਾ ਅਤੇ ਪੰਜਾਬ ਦੇ ਪ੍ਰਸਿੱਧ ਲੋਕ








ਗਾਇਕ ਕੰਨਵਰ ਗਰੇਵਾਲ ਦਾ ਖੁੱਲ੍ਹਾ ਅਖਾੜਾ ਲੱਗਾ। ਖੇਡ ਮੇਲੇ 'ਚ ਇਨਾਮਾਂ ਵੰਡ ਇਸਤਰੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਕੈਬਨਿਟ ਮੰਤਰੀ ਬੀਬੀ ਜਗੀਰ ਕੌਰ ਤੇ ਰਜਿੰਦਰ ਸਿੰਘ ਲਾਡੀ ਪ੍ਰਧਾਨ ਨਗਰ ਪੰਚਾਇਤ ਬੇਗੋਵਾਲ ਨੇ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਯੂ.ਐਸ.ਏ. ਤੋਂ ਪਾਲ ਸਿੰਘ ਖਲੀਲ, ਸੱਤਾ, ਬੱਬੀ ਨੇ ਵੀ ਹਾਜ਼ਰੀ ਲਵਾਈ। ਵਿਸ਼ੇਸ਼ ਸਨਮਾਨ ਵਿਚ ਪ੍ਰੀਤਮ ਸਿੰਘ ਨਾਰੰਗਪੁਰ, ਰਿਟਾ. ਪ੍ਰਿੰਸੀਪਲ ਪ੍ਰਧਾਨ ਸਿੰਘ, ਹੈਡਮਾਸਟਰ ਸਵਰਨ ਸਿੰਘ, ਪ੍ਰਿੰਸੀਪਲ ਬਲਵੀਰ ਸਿੰਘ ਅਤੇ ਪ੍ਰਿੰਸੀਪਲ ਸੇਵਾ ਸਿੰਘ ਭਦਾਸ, ਅਵਤਾਰ ਸਿੰਘ ਡੀ.ਐਸ.ਪੀ. (ਰਿਟਾ.), ਜਰਨੈਲ ਸਿੰਘ ਯੂ.ਐਸ.ਏ., ਸੱਤਾ ਜੀ ਗੁਰਦਾਸਪੁਰ ਅਕਾਲੀ ਨੇਤਾ, ਲਾਡੀ ਜੈਦ ਮੈਂਬਰ ਬਲਾਕ ਸੰਮਤੀ ਭੁਲੱਥ, ਬਿੱਲਾ ਭਦਾਸ, ਲਾਡੀ ਭਦਾਸ, ਕੁਲਵਿੰਦਰ ਸਿੰਘ ਬਿੱਲੂ, ਸੂਬੇਦਾਰ ਬਲਕਾਰ ਸਿੰਘ ਐਮ.ਸੀ., ਲਾਲ ਚੰਦ ਬਰਿਆਰ, ਜਗਜੀਤ ਸਿੰਘ ਜੱਗੀ, ਦਲਜੀਤ ਸਿੰਘ ਖਾਲਸਾ, ਗਗਨਦੀਪ ਸਿੰਘ ਬੱਲੀ, ਪ੍ਰੋ. ਜਸਵੰਤ ਸਿੰਘ ਮੁਰੱਬੀਆ, ਜੋਗਿੰਦਰ ਸਿੰਘ ਅਜੈਬ, ਸੁਖਚੈਨ ਸਿੰਘ ਮੁਰੱਬੀਆ, ਸਰੂਪ ਸਿੰਘ ਖਾਸਰੀਆ, ਸੰਗਤ ਸਿੰਘ ਸੁਦਾਮਾ, ਇੰਦਰਜੀਤ ਸਿੰਘ ਸਦਿਓੜਾ, ਮਾਸਟਰ ਮੱਖਣ ਸਿੰਘ, ਜਰਨੈਲ ਸਿੰਘ ਸਾਬਕਾ ਐਮ.ਸੀ., ਬਾਬਾ ਬਲਵੰਤ ਸਿੰਘ, ਅਮਰ ਸਿੰਘ ਨਡਾਲੀ, ਗੁਰਬਚਨ ਸਿੰਘ ਚੀਮਾ, ਸਰਬਜੀਤ ਸਿੰਘ ਸਦਿਓੜਾ ਤੇ ਲਖਵਿੰਦਰ ਸਿੰਘ ਬੱਸੀ ਆਦਿ ਹਾਜ਼ਰ ਸਨ।

# 36 ਸਾਲ ਦੀ ਬੇਦਾਗ ਸਰਕਾਰੀ ਸੇਵਾ ਉਪਰੰਤ ਮਾਸਟਰ ਮੱਖਣ ਸਿੰਘ ਦੀ ਸੇਵਾ ਮੁਕਤੀ 'ਤੇ ਵਿਸ਼ੇਸ਼



ਮਾਸਟਰ ਮੱਖਣ ਸਿੰਘ ਕਿਸੇ ਜਾਣ-ਪਹਿਚਾਣ ਦੇ ਮੁਥਾਜ ਨਹੀਂ। ਇਨ੍ਹਾਂ ਦਾ ਜਨਮ ਪਿੰਡ ਬੇਗੋਵਾਲ, ਜ਼ਿਲ੍ਹਾ ਕਪੂਰਥਲਾ ਵਿਖੇ ਸਵ. ਸ. ਜਗਤ ਸਿੰਘ ਅਤੇ ਮਾਤਾ ਸਵ. ਹਰਬੰਸ ਕੌਰ ਜੀ ਦੇ ਗ੍ਰਹਿ ਵਿਖੇ 1960 ਈ. ਵਿਚ ਹੋਇਆ। ਆਪ ਜੀ ਨੂੰ ਪ੍ਰਮਾਤਮਾ ਨੇ ਬਹੁਤ ਹੀ ਮਿਲਣਸਾਰ ਅਤੇ ਸਹਿਣਸ਼ੀਲਤਾ ਵਾਲਾ ਸੁਭਾਅ ਦਿੱਤਾ ਹੋਇਆ ਹੈ। ਇਸ ਕਰਕੇ ਇਨ੍ਹਾਂ ਦਾ ਸਮਾਜ 'ਚ ਬਹੁਤ ਚੰਗਾ ਨਾਮ ਹੈ। ਆਪ ਜੀ ਦੇ ਪਰਿਵਾਰ ਵਿਚ 3 ਭੈਣਾ ਦੇ ਇਹ ਇਕੱਲੇ ਭਰਾ ਹਨ। ਆਪ ਜੀ ਦਾ ਵਿਆਹ ਸਵ. ਸ਼ਹੀਦ ਗਿਆਨੀ ਕਰਤਾਰ ਸਿੰਘ ਜੀ ਬਰਿਆਰ ਜ਼ਿਲ੍ਹਾ ਕਪੂਰਥਲਾ ਦੀ ਬੇਟੀ ਬੀਬਾ ਨਰਿੰਦਰ ਕੌਰ ਨਾਲ ਹੋਇਆ। ਜੋ ਕਿ ਪੂਰਨ ਗੁਰਸਿੱਖ ਪਰਿਵਾਰ ਹੈ। ਆਪ ਜੀ ਦੇ ਦੋ ਬੇਟੇ ਲਵਪ੍ਰੀਤ ਪ੍ਰਿੰਸ ਅਤੇ ਮਨਪ੍ਰੀਤ ਕੈਨੇਡਾ ਅਤੇ ਬੇਟੀ ਨਵਪ੍ਰੀਤ ਕੌਰ ਪਤਨੀ ਸ. ਸੁਖਵਿੰਦਰ ਸਿੰਘ ਵਾਸੀ ਕੈਨੇਡਾ ਆਪਣੀ ਵਧੀਆ ਜ਼ਿੰਦਗੀ ਬਤੀਤ ਕਰ ਰਹੇ ਹਨ। ਆਪ ਜੀ ਨੇ ਲੰਮੀ ਸੇਵਾ ਪਿੰਡ ਬੱਲੋਚੱਕ ਦੇ ਸਰਕਾਰੀ ਮਿਡਲ ਸਕੂਲ ਵਿਚ ਅਧਿਆਪਕ ਵਜੋਂ ਨਿਭਾਈ ਅਤੇ 31 ਮਾਰਚ ਨੂੰ ਸੇਵਾ ਮੁਕਤ ਹੋਏ। ਵੱਖ-ਵੱਖ ਸਕੂਲਾਂ ਵਿਚ ਨੌਕਰੀ ਕਰਦੇ ਹੋਏ ਆਪ ਜੀ ਨੇ ਬਹੁਤ ਸਾਰੇ ਸਾਥੀਆਂ ਨਾਲ ਵਧੀਆ ਸਬੰਧ ਬਣਾਏ ਅਤੇ ਵੱਖ-ਵੱਖ ਅਧਿਆਪਕ ਜਥੇਬੰਦੀਆਂ ਵਿਚ ਕੰਮ ਕੀਤਾ। ਸੋ ਇਨ੍ਹਾਂ ਦੀ ਸੇਵਾ ਮੁਕਤੀ 'ਤੇ ਅਸੀਂ ਪਰਿਵਾਰ ਨੂੰ ਜਿਥੇ ਵਧਾਈ ਦਿੰਦੇ ਹਾਂ ਉਥੇ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਇਨ੍ਹਾਂ ਦੀ ਰਿਟਾਇਰਮੈਂਟ ਵਾਲੀ ਜ਼ਿੰਦਗੀ ਵਧੀਆ ਸਿਹਤ ਅਤੇ ਖੁਸ਼ੀਆਂ ਭਰੀ ਹੋਵੇ।

ਇਸ ਮੌਕੇ ਉਨ੍ਹਾਂ ਦੀ ਵਿਦਾਇਗੀ ਪਾਰਟੀ ਵਿਚ ਚੇਅਰਮੈਨ ਸਵਰਨ ਸਿੰਘ ਜੋਸ਼, ਲਖਵਿੰਦਰ ਸਿੰਘ ਜ਼ਿਲ੍ਹਾ ਭਲਾਈ ਅਫ਼ਸਰ, ਹੈਡਮਾਸਟਰ ਸਵਰਨ ਸਿੰਘ, ਹੈਡਮਾਸਟਰ ਫੁੰਮਣ ਸਿੰਘ, ਮਾਸਟਰ ਨਿਸ਼ਾਨ ਸਿੰਘ, ਅਮਰੀਕ ਸਿੰਘ, ਜੋਗਿੰਦਰ ਸਿੰਘ ਅਜੈਬ, ਪ੍ਰੀਤਮ ਸਿੰਘ ਨਾਰੰਗਪੁਰ, ਪਰਵਿੰਦਰ ਸਿੰਘ ਬੰਟੀ ਪ੍ਰਧਾਨ ਸੰਤ ਪ੍ਰੇਮ ਸਿੰਘ ਸਪੋਰਟਸ ਕਲੱਬ ਸਰੂਪਵਾਲ, ਫੀਰਾ ਲਾਲ, ਪ੍ਰਿੰਸੀਪਲ ਬਲਬੀਰ ਸਿੰਘ, ਪ੍ਰਿੰਸੀਪਲ ਵਜੀਰ ਸਿੰਘ, ਕੈਪਟਨ ਕਰਨੈਲ ਸਿੰਘ, ਅਵਤਾਰ ਸਿੰਘ ਡੀ.ਐਸ.ਪੀ. (ਰਿਟਾ.), ਸਰਬਜੀਤ ਸਿੰਘ ਖਾਸਰੀਆ, ਦਲਜੀਤ ਸਿੰਘ, ਹਰਬੰਸ ਸਿੰਘ, ਡਾ. ਸਰਤਾਜ ਸਿੰਘ, ਫੁੰਮਣ ਸਿੰਘ ਮਿਆਣੀ, ਲਖਵਿੰਦਰ ਸਿੰਘ ਬਰਿਆਰ, ਪ੍ਰੀਤਮ ਸਿੰਘ, ਸੂਬੇਦਾਰ ਲਾਲ ਸਿੰਘ, ਭੁਪਿੰਦਰ ਸਿੰਘ, ਮਨਪ੍ਰੀਤ ਸਿੰਘ ਕੈਨਡੇਾ, ਲਵਪ੍ਰੀਤ ਸਿੰਘ ਪ੍ਰਿੰਸ, ਅਜੀਤ ਸਿੰਘ ਮੁਲਤਾਨੀ, ਬਲਵਿੰਦਰ ਸਿੰਘ ਇੰਗਲੈਂਡ ਆਦਿ ਹਾਜ਼ਰ ਸਨ।

**ਜੋਗਿੰਦਰ ਸਿੰਘ ਅਜੈਬ**

# ਤੇਜ਼ ਰਫ਼ਤਾਰ ਜ਼ਿੰਦਗੀ

ਸ. ਗੁਰਮੀਤ ਸਿੰਘ
ਦਬੁਰਜੀ
8968120884)



ਜ਼ਿੰਦਗੀ ਦਾ ਪਹੀਆ ਸਦਾ ਇੱਕ ਸਾਰ ਨਹੀਂ ਘੁੰਮਦਾ, ਕਦੇ ਇਸ ਦੀ ਰਫ਼ਤਾਰ ਧੀਮੀ ਤੇ ਕਦੇ ਤੇਜ਼ ਹੋ ਜਾਂਦੀ ਹੈ। ਕਦੇ ਸਾਡੀ ਪਹੁੰਚ ਤਾਰਿਆਂ ਤੱਕ ਹੁੰਦੀ ਹੈ ਤੇ ਕਦੇ ਹਿੱਕ ਤੇ ਪਿਆ ਬੇਰ ਖਾਣਾ ਵੀ ਨਸੀਬ ਨਹੀਂ ਹੁੰਦਾ। ਕਦੇ ਸਮੇਂ ਤੋਂ ਪਹਿਲਾਂ ਮੰਗ ਕਰਦੇ ਹਾਂ ਤੇ ਕਦੇ ਬਾਦ ਵਿੱਚ। ਕਦੇ ਸਾਡੀਆਂ ਕੋਸ਼ਿਸ਼ਾਂ ਨੂੰ ਫੁੱਲ ਵੀ ਨਹੀਂ ਲੱਗਦੇ ਫਲ ਤਾਂ ਕੀ ਲੱਗਣੇ ਹਨ। ਕਦੇ ਇਹ ਦੁਨੀਆਂ ਭਰੀ ਲੱਗਦੀ ਹੈ ਤੇ ਕਦੇ-ਕਦੇ ਖਾਲੀ ਵੈਰਾਨ ਲੱਗਣ ਲੱਗ ਜਾਂਦੀ ਹੈ। ਕਦੇ ਕਿਸੇ ਤੇ ਜਾਨ ਕੁਰਬਾਨ ਕਰਨ ਤੱਕ ਚਲੇ ਜਾਂਦੇ ਹਾਂ ਕਦੇ ਉਸੇ ਬੰਦੇ ਨੂੰ ਸੂਈ ਮੰਗਿਆਂ ਵੀ ਨਹੀਂ ਦਿੰਦੇ। ਕਦੇ ਕਿਸੇ ਦੀ ਹਾਜ਼ਰੀ ਬੇਚੈਨ ਕਰਦੀ ਹੈ ਤੇ ਕਦੇ ਕਿਸੇ ਦੀ ਗੈਰਹਾਜ਼ਰੀ ਤੜਫਣ ਲਈ ਮਜ਼ਬੂਰ ਕਰ ਦਿੰਦੀ ਹੈ, ਉਪਰਾਮ ਕਰਦੀ ਹੈ ਬੇਚੈਨ ਕਰਦੀ ਹੈ, ਨਿਰਾਸ਼ ਕਰਦੀ ਹੈ। ਕਦੇ ਸੁੱਤਿਆਂ ਪਿਆਂ ਨੂੰ ਛੱਪਰ ਫਾੜ ਕੇ ਮਿਲ ਜਾਂਦਾ ਹੈ ਤੇ ਕਦੇ ਸਾਰੀ ਉਮਰ ਦੀਆਂ ਕੋਸ਼ਿਸ਼ਾਂ ਵੀ ਬੇਕਾਰ ਚਲੀਆਂ ਜਾਂਦੀਆਂ ਹਨ। ਇਹ ਸਾਰਾ ਕੁੱਝ ਕਿਉਂ ਹੋ ਰਿਹਾ ਹੈ। ਛੋਟਾ ਜਿਹਾ ਜਵਾਬ ਮਿਲਦਾ ਹੈ ਕਿ ਮਨੁੱਖ ਅਜੋਕੇ ਸਮੇਂ ਵਿੱਚ ਦਿਖਾਵੇ ਦੀ ਜ਼ਿੰਦਗੀ ਜਿਉਂਦਾ ਹੈ ਤੇ ਇਸੇ ਦਿਖਾਵੇ ਦੀ ਮਾਰ ਖਾ ਰਿਹਾ ਹੈ। ਜੇਕਰ ਦਿਖਾਵੇ ਨੂੰ ਪ੍ਰਭਾਸ਼ਿਤ ਕਰਿਏ ਕਰੀਏ ਤਾਂ ਪਤਾ ਲੱਗਦਾ ਹੈ ਕਿ ਹਕੀਕਤ ਤੋਂ ਅਲੱਗ ਵਿਚਰਨ ਦੀ ਗੱਲ ਉੱਘੜ ਦੇ ਹਰੇਕ ਪਹਿਲੂ ਤੇ ਵਿਖਾਵੇ ਦਾ ਮੁਲੰਮਾ ਚੜਿਆ ਹੋਇਆ ਹੈ ਤੇ ਇਹ ਮੁਲੰਮਾ ਤੇਜ਼ ਰਫ਼ਤਾਰੀ ਦਾ ਹੀ ਕਾਰਣ ਬਣਦਾ ਹੈ। ਸਾਡਾ ਰਹਿਣ-ਸਹਿਣ, ਪਹਿਰਾਵਾ ,ਬੋਲਚਾਲ, ਸਮਾਜਿਕ ਵਰਤੋਂ ਵਿਹਾਰ ਸਭ ਕੁੱਝ ਹੀ ਨੁਮਾਇਸ਼ੀ ਕਿਸਮ ਦਾ ਬਣਿਆ ਹੋਇਆ ਹੈ। ਆਧੁਨਿਕ ਮਨੁੱਖ ਦੀਆਂ ਜ਼ਿਆਦਾ ਪ੍ਰੇਸ਼ਾਨੀਆਂ, ਇਸ ਵਿਖਾਵੇ ਭਰੇ ਜੀਵਨ ਵਿੱਚੋਂ ਹੀ ਜਨਮ ਲੈਂਦੀਆਂ ਹਨ। ਇਸ ਲਈ ਜ਼ਿੰਦਗੀ ਦੀ ਰਫ਼ਤਾਰ ਕਦੇ ਤੇਜ਼ ਤੇ ਕਦੇ ਹੋਲੀ ਹੋ ਜਾਂਦੀ ਹੈ।

ਕਦੇ-ਕਦੇ ਸਾਡੇ ਨਾਲ ਸਾਰੀ ਉਮਰ ਰਹਿਣ ਵਾਲੇ ਆਪਣੇ ਨਹੀਂ ਲੱਗਦੇ। ਪਰ ਕਦੇ ਕੁੱਝ ਲੋਕ ਮਿੰਨੀ ਕਹਾਣੀ ਵਾਂਗ ਸਾਡੇ ਜੀਵਨ ਵਿੱਚ ਆਉਂਦੇ ਹਨ ਅਤੇ ਆਪਣੇ ਹੀ ਹੋ ਕਿ ਰਹਿ ਜਾਂਦੇ ਹਨ। ਹਰ ਪਲ ਉਹਨਾਂ ਦੀ ਯਾਦ ਸਤਾਉਂਦੀ ਹੈ। ਕਈਆਂ ਨੂੰ ਤਾਂ ਅਸੀਂ ਵਾਰ-ਵਾਰ ਯਾਦ ਕਰਦੇ ਹਾਂ ਪਰ ਫਿਰ ਵੀ ਭੁੱਲ ਜਾਂਦੇ ਹਾਂ ਕਈਆਂ ਦੀ ਯਾਦ ਬਿਨਾਂ ਕਿਸੇ ਕੋਸ਼ਿਸ਼ ਕੀਤਿਆਂ ਵੀ ਦਿਲ ਤੇ ਉੱਭਰੀ ਰਹਿੰਦੀ ਹੈ।

ਪਲ ਝੱਟ ਮਿਲਣ ਵਾਲੇ ਵੀ ਸਾਨੂੰ ਸਿੱਖਣ ਲਈ ਕੁਝ ਦੇ ਜਾਂਦੇ ਹਨ। ਪਰ ਕਈ ਸਾਰੀ ਉਮਰ ਸਾਡੇ ਨਾਲ ਰਹਿੰਦੇ ਹਨ ਅਸੀਂ ਉਹਨਾਂ ਤੋਂ ਕੁਝ ਵੀ ਨਹੀਂ ਸਿੱਖਦੇ ਤੇ ਨਾ ਹੀਂ ਉਹ ਸਾਨੂੰ ਸਿਖਾ ਸਕਦੇ ਹਨ। ਕਦੇ ਕਿਸੇ ਦੇ ਆਖੇ ਵਿੱਚੋਂ ਸਾਨੂੰ ਉਹ ਬਦਾਮ ਵਰਗਾ ਸੁਆਦ ਆਉਂਦਾ ਹੈ ਪਰ ਕਦੇ ਉਸੇ ਦਾ ਕਹਿਣਾਂ ਮੂੰਗਫਲੀ ਦੇ ਸਵਾਦ ਵਰਗਾ ਵੀ ਨਹੀਂ ਹੁੰਦਾ। ਕਦੇ ਕਿਸੇ ਪਿਆਰੇ ਦੇ ਵਿਛੋੜੇ ਦਾ ਦਰਦ ਐਸਾ ਵਾਤਾਵਰਣ ਸਿਰਜਦਾ ਹੈ ਕਿ ਅਸੀਂ ਆਪਣੇ ਹੱਥ ਪੱਲੇ ਕੁਝ ਵੀ ਨਹੀਂ ਸਮਝਦੇ। ਇਕੱਲਤਾ ਵਿੱਚ ਜਾ ਕੇ ਮਨ ਨੂੰ ਸਕੂਨ ਦੇਣਾ ਲੋਚਦੇ ਹਾਂ ਪਰ ਇਕੱਲਤਾ ਨਸੀਬ ਨਹੀਂ ਹੁੰਦੀ ਕਦੇ ਇਹੀ ਇਕੱਲਤਾ ਪਾਗਲ ਕਰ ਦਿੰਦੀ ਹੈ।

ਕਦੇ ਸਾਡੀਆਂ ਲੋੜਾਂ, ਥੁੜਾਂ, ਇਛਾਵਾਂ, ਲਾਲਸਾਨਾਂ ਜੀਵਨ ਤੇ ਐਨੀਆਂ ਭਾਰੂ ਹੋ ਜਾਂਦੀਆਂ ਹਨ ਤੇ ਇਹਨਾਂ ਦੀ ਪੂਰਤੀ ਦੇ ਸਾਰੇ ਸਾਧਨ ਅਸਫਲ ਹੋਣ ਤੇ ਨਿਰਾਸ਼ਤਾ, ਉਪਰਾਮਤਾ, ਵਿਰਾਗਤਾ, ਵਿਨਾਸ਼ਤਾ, ਉਦਾਸੀ ਸਾਨੂੰ ਘੇਰ ਲੈਂਦੀਆਂ ਹਨ। ਜਿਹਨਾਂ ਤੋਂ ਖਹਿੜਾ ਛੁਡਾਉਣਾਂ ਔਖਾ ਹੋ ਜਾਂਦਾ ਹੈ। ਜਿੰਦਗੀ ਦੀ ਰਫ਼ਤਾਰ ਮਾਲ ਗੱਡੀ ਦੀ ਰਫ਼ਤਾਰ ਵਰਗੀ ਲੱਗਦੀ ਹੈ, ਜਿਹੜੀ ਸਟੇਸ਼ਨ ਤੇ ਰੁੱਕ ਕੇ ਚੱਲਣ ਦਾ ਨਾਂ ਹੀ ਨਹੀਂ ਲੈਂਦੀ। ਕਦੇ ਜ਼ਿੰਦਗੀ ਦੀ ਗਤੀ ਸਵਾਰੀ ਗੱਡੀ ਵਰਗੀ ਲੱਗਦੀ ਹੈ ਤੇ ਪਿਆਰਿਆਂ ਨੂੰ ਸਟੇਸ਼ਨ ਤੇ ਖਲੋਤਿਆਂ ਛੱਡ ਕੇ ਰਫ਼ਤਾਰ ਫੜ ਜਾਂਦੀ ਹੈ। ਅੱਜ ਦਾ ਜੀਵਨ ਕੁਝ ਜ਼ਿਆਦਾ ਗੁੰਝਲਦਾਰ ਹੋ ਗਿਆ ਹੈ। ਵਿਗਿਆਨ ਨੇ ਵੀ ਇਸ ਵਿੱਚ ਹੱਥ ਵਟਾਇਆ ਹੈ। ਵਿਗਿਆਨ ਦੀਆਂ ਨਵੀਆਂ-ਨਵੀਆਂ ਖੋਜਾਂ ਨੇ ਜਿੰਦਗੀ ਨੂੰ ਚਾਬਕ ਲਾ ਦਿੱਤਾ ਹੈ। ਵਿਗਿਆਨ ਦੀ ਚਮਕ ਨੇ ਉਸ ਦੀਆਂ ਅੱਖਾਂ ਚੁੰਧਿਆ ਦਿੱਤੀਆਂ ਹਨ। ਬਦਲ ਰਹੀਆਂ ਪ੍ਰਸਥਿਤੀਆਂ ਵਿੱਚ ਉਸ ਦੀ ਨੇੜੇ ਦੀ ਪਹੁੰਚ ਦੂਰ ਹੋ ਗਈ ਹੈ ਪਰ ਦੂਰ ਦੀਆਂ ਚੀਜ਼ਾਂ ਉਸ ਨੂੰ ਨੇੜੇ ਹੁੰਦੀਆਂ ਪ੍ਰਤੀਤ ਹੋ ਰਹੀਆਂ ਹਨ ਜਿਵੇਂ ਚਾਰ ਘੰਟਿਆਂ ਪਿੱਛੋਂ ਉਹ ਇੰਗਲੈਂਡ ਦੇ ਹੋਟਲ ਵਿੱਚ ਦੁਪਹਿਰ ਦਾ ਖਾਣਾ ਖਾ ਰਿਹਾ ਹੈ ਤੇ ਰਾਤ ਦਾ ਖਾਣਾ ਅਮਰੀਕਾ ਵਿੱਚ ਖਾਏਗਾ। ਪਰ ਅਸਲੀਅਤ ਸਾਰੇ ਇੱਕ ਦੂਜੇ ਤੋਂ ਦੂਰ ਜਾ ਰਹੇ ਹਨ। ਇਹ ਤੱਥ ਵੀ ਪ੍ਰਗਟਾਏ ਜਾਂਦੇ ਹਨ ਕਿ ਇਹ ਦੂਰੀ ਪ੍ਰਤੀਦਿਨ ਵੱਧਦੀ ਹੀ ਜਾ ਰਹੀ ਹੈ। ਕਹਿਣ ਤੋਂ ਭਾਵ ਕਿ ਤੇਜ਼ ਰਫ਼ਤਾਰ ਨਾਲ ਅਸੀਂ ਆਪਣੀ ਜਿੰਦਗੀ ਤੋਂ ਦੂਰ ਜਾ ਰਹੇ ਹਾਂ। ਜਿੰਦਗੀ ਦੀ ਸੋਝੀ ਹੀ ਨਹੀਂ। ਇੱਕ ਆਦਮੀ ਦੂਜੇ ਆਦਮੀ ਤੋਂ ਦੂਰ ਤੇ ਹੋਰ ਦੂਰ ਹੋ ਰਿਹਾ ਹੈ। ਇੱਕ ਪਰਿਵਾਰ ਦੂਜੇ ਪਰਿਵਾਰ ਤੋਂ ਦੂਰ ਹੋ ਕੇ ਰਹਿਣਾ ਚਾਹੁੰਦਾ ਹੈ। ਉਸ ਦੀ ਸੋਚ ਹੈ ਕਿ ਦੂਰੀ ਨਾਲ ਮੈਨੂੰ ਸੁੱਖ ਆਰਾਮ ਵੱਧ ਮਿਲੇਗਾ ਇੱਕ ਛੱਤ ਹੇਠ ਸੌਣ ਵਾਲੇ ਵੀ ਕੋਹਾਂ ਦੂਰ ਹਨ। ਹਿਰਦੇ ਦੀ ਦੂਰੀ ਨਾਲ ਮੱਨੁਖ ਹਰ ਥਾਂ ਅਜਨਬੀ ਹੋਣ ਦਾ ਭਰਮ ਪਾਲ ਰਿਹਾ ਹੈ। ਇੱਥੋਂ ਤੱਕ ਨੌਬਤ ਆ ਗਈ ਹੈ ਕਿ ਮਨੁੱਖ ਆਪਣੇ ਘਰਾਂ ਵਿੱਚ ਵੀ ਉਪਰਾਪਨ ਮਹਿਸੂਸ ਕਰ ਰਿਹਾ ਹੈ। ਘਰ ਵਿੱਚ ਉਸ ਨੂੰ ਸਕੂਨ ਦੇਣ ਵਾਲਾ ਵੀ ਕੁਝ ਨਹੀਂ ਲੱਭ ਰਿਹਾ । ਸ਼ਿੰਗਾਰੇ ਹੋਏ ਘਰਾਂ ਤੇ ਮੂੰਹੋਂ ਬੋਲਦੀਆਂ ਕੋਠੀਆਂ ਵਿੱਚ ਰਹਿਮ ਵਾਲੇ ਹਿਰਦੇ ਦੀ ਪੀੜ ਇੱਕ ਦੂਜੇ ਨਾਲ ਸਾਂਝੀ ਕਰਨ ਤੋਂ ਅਸਮਰੱਥ ਹੈ। ਜੇਲ ਵਿੱਚ ਵੀ ਮਨੁੱਖ ਨੂੰ ਇੱਕਲਤਾ ਭੋਗਣ ਦੀ ਸਜ਼ਾ ਦਿੱਤੀ ਜਾਂਦੀ ਹੈ। ਮਨੁੱਖ ਸਾਮਾਜਿਕ ਪ੍ਰਾਣੀ ਹੈ ਸਮਾਜ ਵਿੱਚੋਂ ਉਸ ਨੂੰ ਬਹੁਤ ਕੁਝ ਪ੍ਰਾਪਤ ਹੁੰਦਾ ਹੈ। ਸਮਾਜ ਤੋਂ ਬਾਹਰ ਤਾਂ ਉਹ ਪਸ਼ੂਆਂ ਵਰਗਾ ਹੀ ਬਣ ਜਾਂਦਾ ਹੈ। ਪਰਿਵਾਰ ਇੱਕਲਤਾ ਦੇ ਪਾਗਲਪਣ ਦੂਰ ਕਰਨ ਦਾ ਬਹੁਤ ਵਧੀਆ ਤਰੀਕਾ ਹੈ। ਜਦੋਂ ਪਰਿਵਾਰ ਹੀ ਟੁੱਟਣ ਲੱਗ ਪਏ ਤਾਂ ਮਨੁੱਖ ਦੀ ਇੱਕ ਦੂਜੇ ਤੋਂ ਦੂਰੀ ਵੱਧਣੀ ਹੀ ਹੈ। ਪੈਸੇ ਦੀ ਅੰਨੀ ਦੌੜ ਨੇ ਮਨੁੱਖ ਦੀ ਜ਼ਿੰਦਗੀ ਦੀ ਰਫ਼ਤਾਰ ਬਹੁਤ ਤੇਜ਼ ਕਰ ਦਿੱਤੀ ਹੈ ਤੇ ਪਰਿਵਾਰ ਖੇਰੂ-ਖੇਰੂ ਕਰ ਦਿੱਤੇ ਹਨ। ਅਜੋਕੀ ਪੀੜੀ ਵਿਦੇਸ਼ਾਂ ਵਿੱਚ ਜਾਣ ਵੱਸਣ ਦੀ ਦੌੜ ਦੌੜ ਰਹੀ ਹੈ। ਬੱਚਿਆਂ ਦਾ ਪਿਤਾ ਅਮਰੀਕਾ ਵਿੱਚ ਪੁੱਤ ਕਨੇਡਾ ਤੇ ਮਾਤਾ ਇੰਡੀਆ ਵਿੱਚ ਇਸ ਨੂੰ ਕੀ ਪਰਿਵਾਰ ਕਹਾਂਗੇ ਕੇਵਲ ਫੋਨਾਂ ਤੇ ਹੀ ਦੁੱਖ-ਸੁੱਖ ਸਾਂਝੇ ਕੀਤੇ ਜਾਂਦੇ ਹਨ। ਪੱਛਮ ਦੀ ਸਭਿਅਤਾ ਨਿਖੇੜਨ ਵਾਲੀ ਸਭਿਅਤਾ ਹੈ, ਵਿਗਿਆਨ ਵੀ ਇਸੇ ਅਸੂਲ ਤੇ ਕੰਮ ਕਰਦਾ ਹੈ। ਜਿਹੜੇ ਦੇਸ਼ ਜ਼ਿਆਦਾ ਵਿਕਸਿਤ, ਧਨੀ ਤੇ ਅਮੀਰ ਹਨ, ਉੱਥੇ ਇਹ ਰੋਗ ਹੋਰ ਵੀ ਜ਼ਿਆਦਾ ਹਨ। ਭਾਰਤੀ ਸੰਸਕ੍ਰਿਤੀ ਤੇ ਸਭਿਅਤਾ ਸਾਰੀ ਉਮਰ ਨਾਲ ਨਿਭਣ ਵਾਲੀ ਹੈ।

ਪੱਛਮ ਦੀ ਰੀਸ ਨਾਲ ਸਾਡੇ ਪਰਿਵਾਰ ਟੁੱਟ ਰਹੇ ਹਨ ਦਿਲਾਂ ਦੀ ਸਾਂਝ ਖ਼ਤਮ

ਹੋ ਰਹੀ ਹੈ। ਉਹ ਗਲੇ ਤੋਂ ਉੱਪਰ ਜਿਉਂਦਾ ਹੋਣ ਕਰਕੇ ਹਾਸਾ ਤੇ ਉੱਪਰੀ ਮੁਸਕਾਨ ਹੈ, ਜੋ ਮਨ ਨੂੰ ਸਕੂਨ ਨਹੀਂ ਦੇ ਸਕਦੀ ਹਰ ਘਰ ਵਿੱਚ ਪਰਾਇਆਪਣ ਵਿਕਸਿਤ ਹੋ ਰਿਹਾ ਹੈ। ਦਿਲਾਂ ਦੇ ਸਬੰਧ ਮਿੱਟਦੇ ਜਾ ਰਹੇ ਹਨ। ਇਸ ਕਰਕੇ ਖ਼ੂਨ ਦੇ ਰਿਸ਼ਤਿਆਂ ਵਿੱਚ ਕੁੜੱਤਣ ਆ ਰਹੀ ਹੈ। ਪਿਉ ਪੁੱਤ ਦੀ ਦੂਰੀ ਇੱਕ ਦੂਜੇ ਨੂੰ ਮਾਰਨ ਤੱਕ ਪਹੁੰਚ ਗਈ ਹੈ। ਸ਼ਾਮ ਵੇਲੇ ਪਰਿਵਾਰਾਂ ਵਿੱਚ ਲੱਗਣ ਵਾਲੀਆਂ ਮਹਿਫਲਾਂ ਜਿੰਨਾਂ ਵਿੱਚ ਦਾਦਾ-ਦਾਦੀ, ਪਿਉ, ਪੁੱਤ, ਪੋਤੇ-ਪੋਤੀਆਂ ਸ਼ਾਮਿਲ ਹੁੰਦੇ ਸਨ ਦਾ ਨਿਸ਼ਾਨ ਵੀ ਨਹੀਂ ਰਿਹਾ।

ਇਹਨਾਂ ਵਿੱਚ ਦੁੱਖ-ਸੁੱਖ, ਗਿਲੇ, ਸ਼ਿਕਵੇ ਸੁਣੇ ਜਾਂਦੇ ਸਨ ਅਤੇ ਉਹਨਾਂ ਦਾ ਹੱਲ ਲੱਭਿਆ ਜਾਂਦਾ ਸੀ। ਪਰ ਹੁਣ ਸਾਡਾ ਵਿਰਸਾ ਤੇਜ਼ ਰਫ਼ਤਾਰੀ ਜ਼ਿੰਦਗੀ ਨਾਲ ਲੀਰੋ ਲੀਰ ਹੋ ਰਿਹਾ ਹੈ।

## 27-4-18 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ

# ਫਾਊਂਡੇਸ਼ਨ-ਡੇ

## ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤ ਨੇ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਕ੍ਰਿਪਾਲਤਾ ਕਰਨੀ ਜੀ।

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।

ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030

ਫੋਨ ਨੰ.-0172-2657340, **E-mail : lobanafoundation@gmail.com**

ਪ੍ਰਧਾਨ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

## ਅੰਤਰਰਾਸ਼ਟਰੀ ਔਰਤ ਦਿਵਸ ਤੇ ਵਿਸ਼ੇਸ਼

# ਸਿੱਖ ਧਰਮ ਵਿਚ ਔਰਤ ਦੀ ਮਹੱਤਤਾ



ਅੱਜ ਜਿਵੇਂ-ਜਿਵੇਂ ਤਕਨੀਕ ਦਾ ਵਿਕਾਸ ਹੋ ਰਿਹਾ ਹੈ ਸੋਚਣ ਦੀ ਪ੍ਰਕ੍ਰਿਆ ਵਿਚ ਵੀ ਬਦਲਾ ਆਉਣਾ ਸੁਭਾਵਕ ਹੀ ਹੈ। ਅੱਜ ਦੇ ਯੁੱਗ ਵਿਚ ਭਾਵੇਂ ਕਿ ਹਰ ਇਕ ਵਿਸ਼ੇ ਤੇ ਧਿਆਨ ਨਾਲ ਦੇਖੀਏ ਜਾਂ ਅਨੁਭਵ ਕਰੀਏ ਤੇ ਲੱਗਦਾ ਹੈ ਕਿ ਇਨਸਾਨ ਨੇ ਬਹੁਤ ਹੀ ਨਵੀਆਂ-ਨਵੀਆਂ ਖੋਜਾਂ ਕਰਕੇ ਕਿ ਕ੍ਰਾਂਤੀ ਲੈ ਆਂਦੀ ਹੈ। ਪਰ ਅੱਜ ਵੀ ਔਰਤ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰਦੀ। ਇਸ ਦਾ ਇਹ ਮਤਲਬ ਨਹੀਂ ਕਿ ਮੌਕੇ ਦੀਆਂ ਸਰਕਾਰਾਂ ਨੇ ਇਸ ਵੱਲ ਤਵੱਜੋਂ ਨਹੀਂ ਦਿੱਤੀ ਸਗੋਂ ਬਹੁਤ ਸਾਰੀਆਂ ਯੋਗ ਅਗਵਾਈਆਂ ਦੇਣ ਦੀਆਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਬਾਖੂਬੀ ਨਿਭਾਇਆ ਹੈ। ਇਸ ਦੇ ਬਾਵਜੂਦ ਕਿ ਔਰਤ ਆਦਮੀ ਨਾਲ ਮੋਢੇ ਨਾਲ ਮੋਢਾ ਡਾਹ ਕੇ ਰਾਬਰ ਦੇ ਕੰਮ ਕਰ ਰਹੀ ਹੈ ਭਾਵੇਂ ਕਿ ਕੋਈ ਵੀ ਕਿੱਤਾ ਹੋਵੇ ਇਕ ਮਜ਼ਦੂਰੀ ਤੋਂ ਲੈ ਕੇ ਜਹਾਜ਼ ਦੀ ਚਾਲਕ ਤੋਂ ਵੀ ਅੱਗੇ ਸਪੇਸ ਤੱਕ ਵੀ ਇਸਤਰੀ ਨੇ ਪਹੁੰਚ ਕਰ ਲਈ ਹੈ। ਹੁਣ ਇਸਤਰੀ ਪੁਲਿਸ ਹੀ ਨਹੀਂ ਸਗੋਂ ਸਾਰੀਆਂ ਡਿਫੈਂਸ ਫੋਰਸਿਸ ਵਿਚ ਵੀ ਮਰਦਾਂ ਨਾਲੋਂ ਪਿੱਛੇ ਨਹੀਂ ਹਨ।

ਪੁਰਾਤਨ ਸਮੇਂ ਵਿਚ ਅਗਰ ਅਸੀਂ ਦ੍ਰਿਸ਼ਟੀ ਮਾਰੀਏ ਤਾਂ ਪਤਾ ਲੱਗਦਾ ਹੈ ਇਸਤਰੀ ਦੀ ਬਿਲਕੁਲ ਵੀ ਬੁੱਕਤ ਨਹੀਂ ਸੀ। ਅਸੀਂ ਜ਼ਿਆਦਾ ਇਤਿਹਾਸ ਦੇ ਪੁਰਾਣੇ ਪੰਨੇ ਨਾ ਛੇੜਦੇ ਹੋਏ ਸਿਰਫ਼ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਤੋਂ ਪਹਿਲਾਂ ਤੇ ਬਾਅਦ ਦਾ ਇਤਿਹਾਸ ਫਰੋਲੀਏ ਤਾਂ ਪਤਾ ਲੱਗਦਾ ਹੈ ਕਿ ਸਾਰੀ ਜਾਤੀ ਨੂੰ ਉੱਪਰ ਚੁੱਕਣ ਵਿਚ ਗੁਰੂ ਨਾਨਕ ਦੇਵ ਜੀ ਦਾ ਕਿੰਨਾ ਹੱਥ ਸੀ। ਜਦੋਂ ਗੁਰੂ ਨਾਨਕ ਦੇਵ ਜੀ ਇਸ ਧਰਤੀ ਤੇ ਪ੍ਰਕਾਸ਼ਮਾਨ ਹੋਏ, ਉਸ ਵੇਲੇ ਪੰਜਾਬ ਵਿਚ ਮੁਸਲਮਾਨੀ ਰਾਜ ਸੀ ਤੇ ਇਹ ਵੀ ਸੱਚ ਹੈ, ਉਨ੍ਹਾਂ ਦੀਆਂ ਬੀਬੀਆਂ ਦੀ ਭੂਮਿਕਾ ਸਮਾਜਿਕ ਪੱਧਰ ਤੇ ਬਿਲਕੁਲ ਨਿਗੁਣੀ ਸੀ। ਇਸੇ ਤਰ੍ਹਾਂ ਬੁੱਧ ਮੱਤ ਤੇ ਜੈਨ ਮੱਤ ਵੀ ਪੰਜਾਬ ਵਿਚ ਬਹੁਤਾਤ ਵਿਚ ਸੀ ਤੇ ਇਨ੍ਹਾਂ ਧਰਮਾਂ ਵਿਚ ਵੀ ਔਰਤ ਦਾ ਸਨਮਾਨ ਨਹੀਂ ਸੀ। ਗੁਰੂ ਨਾਨਕ ਦੇਵ ਜੀ ਸੁਚੇਤ ਸਨ ਤੇ ਬਾਨੀ ਹੋਣ ਕਰਕੇ ਉਨ੍ਹਾਂ ਦੀ ਸਮਾਜਿਕ ਦ੍ਰਿਸ਼ਟੀ ਹੀ ਆਉਣ ਵਾਲੇ ਗੁਰੂ ਸਾਹਿਬਾਨਾਂ ਨੇ ਅਪਨਾਈ। ਗੁਰੂ ਨਾਨਕ ਦੇਵ ਜੀ ਨੇ ਸ਼ੁਰੂ ਤੋਂ ਹੀ ਇਸਤਰੀ ਜਾਤੀ ਨੂੰ ਸਮਾਜ ਵਿਚ ਯੋਗ ਅਸਥਾਨ ਹੀ ਨਹੀਂ ਦਿੱਤਾ ਸਗੋਂ ਆਦਰ ਮਾਨ ਨੂੰ ਵੀ ਚਾਰ ਚੰਨ ਲਗਾਏ। ਉਨ੍ਹਾਂ ਨੇ ਤੇ ਇਥੇ ਤੱਕ ਕਹਿ ਦਿੱਤਾ ਕਿ "ਸੋ ਕਿਉ ਮੰਦਾ ਆਖੀਐ ਜਿਤਿ ਜੰਮਹਿ ਰਾਜਾਨ।"




**ਇੰਜੀਨੀਅਰ**
**ਪਰਮਿੰਦਰਜੀਤ ਸਿੰਘ**
**ਕੋ-ਐਡੀਟਰ**
**99153-57524**


ਗੁਰੂ ਨਾਨਕ ਦੇਵ ਜੀ ਆਪਣੀ ਮਾਤਾ ਤ੍ਰਿਪਤਾ ਤੇ ਖਾਸ ਕਰਕੇ ਆਪਣੀ ਵੱਡੀ ਭੈਣ ਬੇਬੇ ਨਾਨਕੀ ਦਾ ਬਹੁਤ ਸਤਿਕਾਰ ਕਰਦੇ ਸਨ (ਇਸ ਦਾ ਜ਼ਿਕਰ ਬਹੁਤ ਸਾਰੀਆਂ ਇਤਿਹਾਸਕ ਸਾਖੀਆਂ ਵਿਚ ਆਉਂਦਾ ਹੈ)। ਇਸ ਤੋਂ ਮਹੱਤਵਪੂਰਨ ਹੋਰ ਕੀ ਹੋ ਸਕਦਾ ਹੈ? ਗੁਰੂ ਜੀ ਨੇ ਬਾਣੀ ਸਿਰਜਣ ਵਿਚ ਆਪਣੇ ਆਪ ਨੂੰ ਇਸਤ੍ਰੀ ਰੂਪ ਕਰਕੇ ਬਖਿਆਨਿਆ ਹੈ। ਇਸ ਤੋਂ ਵੱਡਾ ਮਾਣ ਹੋਰ ਕਿਸੇ ਨੂੰ ਕੀ ਹੋ ਸਕਦਾ ਹੈ ਕਿ ਬਾਣੀ ਦੀ ਸਿਰਜਣ-ਧਾਰਾ ਦਾ ਮੁੱਖ ਨਾਰੀ ਸੰਸਾਰ ਨਾਲ ਜੁੜ ਗਿਆ :

(1) **ਮੇਰੇ ਸਾਹਿਬ ਤੂੰ ਮੈ ਮਾਣ ਨਿਮਾਣੀ**

(2) **ਹਉ ਖੜੀ ਨਿਹਾਲੀ ਪੰਧ ਮਤ ਮੂ ਸਜਣ ਆਵਏ**

ਐਸਾ ਮਾਣ ਮੱਤਾ, ਸਤਿਕਾਰ ਤੇ ਇੱਜ਼ਤ ਕਿਸੇ ਹੋਰ ਧਰਮ ਵਿਚ ਔਰਤ ਨੂੰ ਨਹੀਂ ਮਿਲਿਆ।

ਹੁਣ ਜ਼ਰਾ ਸਿੱਖ ਬੀਬੀਆਂ ਦੇ ਯੋਗਦਾਨ ਬਾਰੇ ਰਤਾ ਕੁ ਝਾਤ ਮਾਰੀਏ। ਭਾਵੇਂ ਕਿ ਇਹ ਸਾਡੀ ਤ੍ਰਾਸਦੀ ਹੈ ਕਿ ਬੀਬੀਆਂ ਦਾ ਚਾਹੇ ਉਹ ਗੁਰੂ ਕੇ ਮਹਿਲ ਸਨ ਜਾਂ ਗੁਰੂ ਜੀ ਦੀਆਂ ਬੇਟੀਆਂ ਜਾਂ ਨੂੰਹਾਂ ਪਰ ਇਤਿਹਾਸ ਪੱਖੋਂ ਅਸੀਂ ਵਿਹੂਣੇ ਹੀ ਰਹੇ ਹਾਂ। ਇਹ ਨਹੀਂ ਕਿ ਇਤਿਹਾਸ ਨਹੀਂ ਹੈ, ਹੈ ਤੇ ਜ਼ਰੂਰ ਪਰ ਓਨ੍ਹਾ ਨਹੀਂ ਜਿੰਨਾ ਹੋਣਾ ਚਾਹੀਦਾ ਹੈ। ਗੁਰੂ ਜੀ ਦੇ ਮਹਿਲਾਂ ਨੇ ਵੀ ਵੱਧ ਚੜ੍ਹ ਕੇ ਸਿੱਖੀ ਵਿਚ ਯੋਗਦਾਨ ਪਾਏ ਹਨ ਇਸ ਦਾ ਵੇਰਵਾ ਕਿਤੇ-ਕਿਤੇ ਮਿਲਦਾ ਵੀ ਹੈ ਪਰ ਬਹੁਤੇ ਪੱਖ ਅਣਗੌਲਿਆਂ ਹੀ ਰਹਿ ਗਏ ਹਨ। ਅਸੀਂ ਅਗਰ ਧਿਆਨ ਨਾਲ ਜਿੰਨੀਆਂ ਕੁ ਜੀਵਨੀਆਂ ਮਿਲਦੀਆਂ ਹਨ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਜਿਵੇਂ ਕਿ ਮਾਤਾ ਸੁਲੱਖਣੀ ਜੀ ਦਾ ਜੀਵਨ-ਵਿਹਾਰ ਆਪਣੇ ਆਪ ਵਿਚ ਇਕ ਬਹੁਤ ਸੁੰਦਰ ਤੇ ਪ੍ਰਪੱਕ ਉਦਾਹਰਣ ਹੈ। ਮਾਤਾ ਸੁਲੱਖਣੀ ਜੀ ਦੇ ਜੀਵਨ ਵਿਹਾਰ ਤੋਂ ਇਸੇ ਕਦਰਾਂ ਕੀਮਤਾਂ ਨੂੰ ਦਰਸਾਉਂਦਾ ਹੈ ਕਿ ਵਿਆਹ ਤੋਂ ਬਾਅਦ ਪਤੀ ਦਾ ਘਰ ਹੀ ਸਭ ਤੋਂ ਉੱਤਮ ਹੁੰਦਾ ਹੈ ਅਤੇ ਪਤੀ

ਦੀ ਸੇਵਾ ਹੀ ਉੱਤਮ ਧਰਮ ਹੈ।



ਇਸੇ ਹੀ ਲੜੀ ਤਹਿਤ ਮਾਤਾ ਖੀਵੀ ਜੀ ਗੁਰੂ ਅੰਗਦ ਦੇਵ ਜੀ ਦੀ ਧਰਮ ਪਤਨੀ ਸਨ। ਗੁਰੂ ਅੰਗਦ ਦੇਵ ਜੀ ਨੇ ਵੀ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਇਆ ਹਰ ਕੰਮ ਬੜੀ ਨਿਸ਼ਠਾ ਤੇ ਪ੍ਰੇਮ, ਪਿਆਰ ਅਤੇ ਸਤਿਕਾਰ ਸਹਿਤ ਚਲਾਇਆ ਅਤੇ ਕਿਸੇ ਵੀ ਕਿਸਮ ਦੀ ਕਮੀ ਨਹੀਂ ਆਉਣ ਦਿੱਤੀ। ਜਦੋਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਅਖੀਰਲੀ ਉਮਰੇ ਕਰਤਾਰਪੁਰ ਵਿਖੇ ਧਰਮਸ਼ਾਲ ਬਣਾ ਕੇ ਗੁਰੂ ਘਰ ਦੀ ਧਾਰਮਿਕ ਰਹੁਰੀਤ ਕਾਇਮ ਕਰ ਦਿੱਤੀ ਤਾਂ ਸਿਆਣੇ ਮੁਰੀਦ ਵਾਂਗ ਗੁਰੂ ਅੰਗਦ ਦੇਵ ਜੀ ਨੇ ਉਸ ਵਿਚ ਵਾਧਾ ਕੀਤਾ ਤੇ ਧਰਮਸ਼ਾਲ ਵਿਚ ਆਏ ਗਏ ਯਾਤਰੀਆਂ ਲਈ ਲੰਗਰ ਦਾ ਪ੍ਰਬੰਧ ਵੀ ਕਰ ਦਿੱਤਾ। ਵੈਸੇ ਇਸ ਦੀ ਸ਼ੁਰੂਆਤ ਮਾਤਾ ਸੁਲੱਖਣੀ ਜੀ ਨੇ ਕੀਤੀ ਤੇ ਮਾਤਾ ਖੀਵੀ ਜੀ ਨੇ ਉਸ ਨੂੰ ਇਕ ਖਾਸ ਤਰਤੀਬ ਦੇ ਦਿੱਤੀ। ਇਹ ਲੰਗਰ ਹਰ ਇਕ ਲਈ ਖੁੱਲ੍ਹਾ ਸੀ ਤੇ ਇਸ ਦੇ ਮੁੱਖ ਪ੍ਰਬੰਧਕ ਮਾਤਾ ਖੀਵੀ ਜੀ ਸਨ। ਮਾਤਾ ਖੀਵੀ ਜੀ ਦੇ ਉੱਦਮ ਅਤੇ ਕਰਮ ਤੋਂ ਇਹ ਸਿਖਿਆ ਮਿਲਦੀ ਹੈ ਕਿ ਆਏ ਪ੍ਰਾਹੁਣੇ ਦੀ ਆਉ ਭਗਤ ਵਿਚ ਕੋਈ ਫਰਕ ਨਹੀਂ ਰੱਖਣਾ ਚਾਹੀਦਾ ਸਭ ਨੂੰ ਇਕ ਨਜ਼ਰ ਨਾਲ ਦੇਖਣਾ ਚਾਹੀਦਾ ਹੈ। ਜੋ ਕੁਝ ਵੀ ਆਪ ਜੀ ਦੇ ਪਾਸ ਹੈ ਉਸ ਨੂੰ ਵੰਡ ਕੇ ਖਾਣਾ ਚਾਹੀਦਾ ਹੈ। ਸ਼ਾਇਦ ਇਸੇ ਕਰਕੇ ਅੱਜ ਵੀ ਪੰਜਾਬੀ ਪ੍ਰਾਹੁਣਚਾਰੀ ਵਿਚ ਸਭ ਤੋਂ ਪ੍ਰਮੁੱਖ ਸਮਝੇ ਜਾਂਦੇ ਹਨ। ਪ੍ਰਾਹੁਣਚਾਰੀ, ਮਹਿਮਾਨ ਨਿਵਾਜ਼ੀ ਤੇ ਖਾਤਰਦਾਰੀ ਦੀ ਇਸ ਪਰੰਪਰਾ ਨੂੰ ਅੱਜ ਵੀ ਜੋ ਬਾਖੂਬੀ ਪੰਜਾਬੀ ਭਾਵੇਂ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਕਿਉਂ ਨਾ ਰਹਿ ਰਹੇ ਹੋਣ ਨਿਭਾਅ ਰਹੇ ਹਨ। ਇਸ ਮਹਾਨ ਕਰਮ ਪਿਛੇ ਵੀ ਅੱਜ ਜੇ ਕਹਿ ਲਈਏ ਕਿ ਮਾਤਾ ਸੁਲੱਖਣੀ ਜੀ ਤੇ ਮਾਤਾ ਖੀਵੀ ਜੀ ਦਾ ਹੱਥ ਹੈ ਤਾਂ ਅਤਿਕਥਨੀ ਨਹੀਂ ਹੋਵੇਗੀ।

ਇਸੇ ਤਰ੍ਹਾਂ ਜੇ ਗੁਰੂ ਘਰ ਦੀਆਂ ਬੇਟੀਆਂ ਦੀ ਗੱਲ ਕਰੀਏ ਤਾਂ ਬੀਬੀ ਭਾਨੀ ਜੀ ਦਾ ਜ਼ਿਕਰ ਕੀਤੇ ਬਗੈਰ ਲੇਖ ਅਧੂਰਾ ਰਹਿ ਜਾਵੇਗਾ। ਬੀਬੀ ਭਾਨੀ ਜੀ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਸਨ। ਗੁਰੂ ਅਮਰਦਾਸ ਜੀ ਦੇ ਜੀਵਨ ਵਿਚ ਬੀਬੀ ਭਾਨੀ ਜੀ ਦਾ ਵਿਸ਼ੇਸ਼ ਯੋਗਦਾਨ ਹੈ। ਬੀਬੀ ਭਾਨੀ ਜੀ ਦੀ ਸੇਵਾ ਨੇ ਇਹ ਸਿੱਧ ਕਰ ਦਿੱਤਾ ਕਿ ਲੜਕੇ ਅਤੇ ਲੜਕੀ ਵਿਚ ਕੋਈ ਅੰਤਰ ਨਹੀਂ ਹੁੰਦਾ। ਸੇਵਾ ਦੋਵੇਂ ਹੀ ਕਰ ਸਕਦੇ ਹਨ। ਪੰਜਾਬੀ ਸਭਿਆਚਾਰ ਵਿਚ ਇਕ ਰਵਾਇਤ ਹੈ ਕਿ ਪਿਤਾ ਧੀ ਪਾਸੋਂ ਸੇਵਾ ਨਹੀਂ ਕਰਵਾਉਂਦਾ, ਪਰ ਗੁਰੂ ਇਤਿਹਾਸ ਗਵਾਹ ਹੈ ਕਿ ਬੀਬੀ ਭਾਨੀ ਜੀ ਤਾਂ ਪਿਤਾ ਦੀ ਸੇਵਾ ਉਦੋਂ ਵੀ ਕਰਦੀ ਰਹੀ ਜਦੋਂ ਉਸ ਦੀ ਸ਼ਾਦੀ ਵੀ ਹੋ ਚੁੱਕੀ ਸੀ ਅਤੇ ਆਪਣੇ ਪਰਿਵਾਰ ਵਾਲੀ ਬਣ ਚੁੱਕੀ ਸੀ। ਪਰ ਫਿਰ ਵੀ ਆਪਣੇ ਸਹੁਰੇ ਘਰ ਤੋਂ ਆ ਕੇ ਵੀ ਪਿਤਾ ਦੀ ਸੇਵਾ ਦਾ ਨਿਤਨੇਮ ਨਿਭਾਉਂਦੀ ਰਹੀ।

ਅਸੀਂ ਇਤਿਹਾਸ ਤੇ ਨਜ਼ਰ ਮਾਰੀਏ ਤਾਂ ਗੁਰੂ ਕੇ ਮਹਿਲ, ਬੇਟੀਆਂ ਤੇ ਨੂੰਹਾਂ ਨੇ ਵੀ ਗੁਰੂਆਂ ਨਾਲ ਅਣਥੱਕ ਯਤਨ ਕਰਕੇ ਸਾਥ ਦਿੱਤਾ। ਇਨ੍ਹਾਂ ਵਿਚ ਜੇ ਅਸੀਂ ਗੁਰੂ ਕੇ ਮਹਿਲਾਂ ਦੀ ਗੱਲ ਕਰੀਏ ਤਾਂ ਉਸ ਵਿਚ ਮਾਤਾ ਸੁਲੱਖਣੀ ਜੀ, ਮਾਤਾ ਖੀਵੀ ਜੀ, ਮਾਤਾ ਮਨਸਾ ਦੇਵੀ ਜੀ, ਮਾਤਾ ਭਾਨੀ ਜੀ, ਮਾਤਾ ਗੰਗਾ ਜੀ, ਮਾਤਾ ਦਾਮੋਦਰੀਜੀ, ਮਾਤਾ ਨਾਨਕੀ ਜੀ, ਮਾਤਾ ਮਹਾਂਦੇਵੀ ਜੀ, ਮਾਤਾ ਕਿਸ਼ਨ ਕੌਰ ਜੀ, ਮਾਤਾ ਗੁਜਰੀ ਜੀ, ਮਾਤਾ ਸਾਹਿਬ ਦੇਵਾਂ ਜੀ, ਮਾਤਾ ਸੁੰਦਰੀ ਜੀ ਅਤੇ ਮਾਤਾ ਜੀਤੋ ਜੀ। ਗੁਰੂ ਬੇਟੀਆਂ ਵਿਚ – ਬੀਬੀ ਦਾਨੀ ਜੀ, ਬੀਬੀ ਅਮਰੋ, ਬੀਬੀ ਅਣੋਖੀ, ਬੀਬੀ ਭਆਨੀ, ਬੀਬੀ ਰੂਪ ਕੌਰ ਅਤੇ ਬੀਬੀ ਵੀਰੋ ਜੀ। ਗੁਰੂ ਨੂੰਹ ਵਿਚ ਮਾਤਾ ਪੰਜਾਬ ਕੌਰ ਦਾ ਨਾਮ ਪ੍ਰਮੁੱਖ ਤੌਰ ’ਤੇ ਆਉਂਦਾ ਹੈ।

ਅੱਜ ਇਸ ਮਹਾਨ ਦਿਵਸ ਜੋ ਕਿ ਇੰਟਰਨੈਸ਼ਨਲ ਪੱਧਰ ਤੇ ਹਰ ਸਾਲ ਮਨਾਇਆ ਜਾਂਦਾ ਹੈ ਅਸੀਂ ਗੁਰੂ ਘਰਾਂ ਤੇ ਗੁਰੂਆਂ ਨਾਲ ਸਬੰਧਤ ਬੀਬੀਆਂ ਨੂੰ, ਨਤਮਸਤਕ ਹੁੰਦੇ ਹਾਂ ਅਤੇ ਆਪਣੀਆਂ ਬੱਚੀਆਂ ਤੇ ਇਹਨਾਂ ਦੇ ਪੂਰਨਿਆਂ ਤੇ ਚੱਲਣ ਲਈ ਬੇਨਤੀਆਂ ਕਰਦੇ ਹਾਂ।

ਦੁਨਿਆਵੀ ਤੌਰ ਤੇ ਵੀ ਅੱਜ ਇਸਤਰੀਆਂ ਨੇ ਬਹੁਤ ਮੱਲ੍ਹਾਂ ਮਾਰੀਆਂ ਹਨ ਭਾਵੇਂ ਕੋਈ ਵੀ ਫੀਲਡ ਕਿਉਂ ਨਾ ਹੋਵੇ। ਸਾਨੂੰ ਵੀ ਅਕਾਲ ਪੁਰਖ ਇਹ ਸੁਮੱਤ ਬਖਸ਼ਣ ਕਿ ਅਸੀਂ ਇਹ ਮੱਲ੍ਹਾ ਮਾਰਨ ਵਾਲੀਆਂ ਬੀਬੀਆਂ ਤੋਂ ਪ੍ਰੇਰਨਾ ਲੈ ਕੇ ਆਪਣੇ ਜੀਵਨ ਨੂੰ ਖੁਸ਼ਹਾਲ ਬਣਾਈਏ ਅਤੇ ਆਪਣੇ ਆਪ ਨੂੰ ਸਮਾਜਕ, ਰਾਜਨੀਤਕ ਅਤੇ ਧਾਰਮਿਕ ਖੇਤਰਾਂ ਵਿਚ ਪ੍ਰਪੱਕ ਕਰੀਏ।

# ਇਕ ਔਰਤ ਦਾ ਅਨੋਖਾ ਰਾਜ਼

ਰਾਜਿੰਦਰ ਸਿੰਘ
Wilson City,
N. Caroline, USA

ਇਕ ਦੁਪਿਹਰ ਮੈਂ ਲੰਡਨ ਦੇ ਇਕ ਕੈਫੇਟੇਰੀਆ ਵਿਚ ਬੈਠਾ ਪਰਸ਼ੀਅਨ ਸ਼ੋਅ ਦੇਖ ਕੇ ਹੈਰਾਨ ਸਾਂ ਕਿ ਇਕ ਪਾਸੇ ਉਹਨਾਂ ਦੀ ਸਭਿਅਤਾ ਇੰਨੀ ਚੰਗੀ ਹੈ ਜਿਸ ਦਾ ਉਹਨਾਂ ਨੂੰ ਮਾਨ ਹੈ ਅਤੇ ਦੂਸਰੇ ਪਾਸੇ ਉਹਨਾਂ ਦੀ ਤੁੱਛਤਾ ਅਤੇ ਗਰੀਬੀ ਜਿਸਦੇ ਬਾਰੇ ਉਹ ਚੁਪ ਹਨ। ਐਨੇ ਨੂੰ ਮੈਂ ਕਿਸੇ ਨੂੰ ਆਪਨਾ ਨਾਮ ਪੁਕਰਦਾ ਸੁਣਿਆ ਅਤੇ ਉਸ ਪਾਸੇ ਵਲ ਦੇਖਿਆ ਕੇ ਮਾਈਕਲ ਖੜ੍ਹਾ ਹੈ। ਅਸੀਂ ਮਾਨਚੈਸਟੈਰ ਦੇ ਇਕ ਕਾਲਜ ਵਿਚ ਇਕੱਠੇ ਪੜ੍ਹੇ ਅਤੇ ਅਜ ਦਸ ਸਾਲਾਂ ਬਾਦ ਮਿਲੇ ਸਾਂ। ਮੈਨੂੰ ਬੜੀ ਖੁਸ਼ੀ ਹੋਈ ਅਤੇ ਅਸੀਂ ਬੜੀ ਗਰਮਜੋਸ਼ੀ ਨਾਲ ਹੱਥ ਮਿਲਾਏ। ਕਾਲਜ ਵਿਚ ਅਸੀਂ ਉਸ ਨੂੰ ਸ਼ਹਿਜਾਦਾ ਕਹਿੰਦੇ ਹੁੰਦੇ ਸੀ ਕਿਉਂਕਿ ਉਹ ਬੜਾ ਖੂਬਸੂਰਤ, ਸਪਸ਼ਟ ਅਤੇ ਇੱਜ਼ਤਦਾਰ ਵਿਅਕਤੀ ਸੀ। ਮੈਂ ਉਸਨੂੰ ਦੇਖ ਕੇ ਬੜਾ ਹੈਰਾਨ ਹੋਇਆ ਕਿ ਉਹ ਚਿੰਤਤ ਅਤੇ ਉਲਝਿਆ ਹੋਇਆ ਹੈ। ਉਹ ਹਰ ਗਲੇ ਬੜਾ ਸੂਝਵਾਨ ਹੁੰਦਾ ਸੀ ਅਤੇ ਮੈਂ ਅੰਦਾਜ਼ਾ ਲਗਾਇਆ ਕਿ ਜ਼ਰੂਰ ਕਿਸੇ ਔਰਤ ਦਾ ਹੱਥ ਹੋਵੇਗਾ ਉਸਦੀ ਪਰੇਸ਼ਾਨੀ ਵਿਚ ਅਤੇ ਮੈਂ ਉਸ ਨੂੰ ਪੁਛਿਆ ਕਿ ਕੀ ਉਸ ਨੇ ਸ਼ਾਦੀ ਕਰ ਲਈ ਹੈ। ਉਸ ਨੇ ਕਿਹਾ ਕਿ,"ਮੈਨੂੰ ਔਰਤਾਂ ਬਾਰੇ ਚੰਗੀ ਸਮਝ ਨਹੀਂ ਹੈ। ਮੈਂ ਕਿਹਾ, ਮੇਰੇ ਪਿਆਰੇ ਦੋਸਤ! ਔਰਤ ਪਿਆਰ ਕਰਨ ਲਈ ਹੈ; ਸਮਝਣ ਲਈ ਨਹੀਂ ਹੈ। ਉਸ ਨੇ ਕਿਹਾ ਕਿ, ਮੈਂ ਉਥੇ ਪਿਆਰ ਨਹੀਂ ਕਰ ਸਕਦਾ ਜਿਥੇ ਮੈਨੂੰ ਇਤਬਾਰ ਨਾ ਹੋਵੇ। ਮੈਂ ਕਿਹਾ, ਮੇਰਾ ਖਿਆਲ ਹੈ ਕਿ ਦੋਸਤ ਤੇਰੀ ਜ਼ਿੰਦਗੀ ਵਿਚ ਕੋਈ ਖਾਸ ਵਜਾਹ ਹੈ! ਕੀ ਤੂੰ ਉਸ ਬਾਰੇ ਮੈਨੂੰ ਦਸੇਗਾ। ਮਾਈਕਲ ਬੋਲਿਆ, ਚਲ ਕਿਧਰੇ ਬਾਹਰ ਚਲੀਏ, ਇਥੇ ਭੀੜ ਹੈ। ਉਹ ਹਰੇ ਰੰਗ ਵਾਲਾ ਟਾਂਗਾ ਠੀਕ ਹੈ।

ਥੋੜ੍ਹੀ ਦੇਰ ਬਾਦ ਅਸੀਂ ਬਾਹਰ ਖੁਲ੍ਹੇ ਰਸਤੇ ਵਲ ਚਲ ਪਏ। ਮੈਂ ਕਿਹਾ, ਦਸ ਕਿਹੜੇ ਪਾਸੇ ਵਲ ਚਲੀਏ?

ਮਾਈਕਲ ਬੋਲਿਆ, ਉਹ! ਜਿਧਰ ਵੀ ਤੂੰ ਠੀਕ ਸਮਝੇ। ਮੈਂ ਕਿਹਾ, ਚੰਗਾ ਫਿਰ; ਸ਼ਹਿਰੋਂ ਬਾਹਰ ਕਿਸੇ ਦੂਰ ਰੈਸਟੋਰੈਂਟ ਜਾਂਦੇ ਹਾ; ਰੋਟੀ ਖਾਵਾਂਗੇ। ਤੂੰ ਮੈਨੂੰ ਪਹਿਲਾਂ ਆਪਨੇ ਬਾਰੇ ਸਭ ਕੁਝ ਦਸੇਗਾ, ਕੀ ਵਜਾਹ ਹੈ ਤੇਰੀ ਜ਼ਿੰਦਗੀ ਵਿਚ? ਮਾਈਕਲ ਨੇ ਆਪਨੀ ਜੇਬ ਵਿਚੋਂ ਚਾਂਦੀ ਨਾਲ ਪਾਲਸ਼ ਕੀਤੀ ਇੰਡੀਆ ਦੇਸ਼ ਦੀ ਬਣੀ ਇਕ ਡੱਬੀ ਕੱਢੀ ਅਤੇ ਮੈਨੂੰ ਦੇ ਦਿੱਤੀ। ਮੈਂ ਡੱਬੀ ਖੋਲੀ; ਅੰਦਰ ਇਕ ਔਰਤ ਦੀ ਫੋਟੋ ਸੀ। ਉਹ ਪਤਲੀ ਲੰਬੀ, ਵਾਲ ਚੰਗੀ ਤਰ੍ਹਾਂ ਸਵਾਰੇ ਹੋਏ ਅਤੇ ਵੱਡੀਆਂ ਅੱਖਾਂ ਵਾਲੀ ਸੀ। ਮਾਈਕਲ ਨੇ ਪੁਛਿਆ, ਤੈਨੂੰ ਇਸਦਾ ਚੇਹਰਾ ਕਿਸ ਤਰ੍ਹਾਂ ਦਾ ਲੱਗਾ ਹੈ, ਕੀ ਇਹ ਸਹੀ ਔਰਤ ਲਗਦੀ ਹੈ? ਚੇਹਰੇ ਨੂੰ ਮੈਂ ਬੜੀ ਚੰਗੀ ਤਰ੍ਹਾਂ ਘੋਖਿਆ। ਮੈਨੂੰ ਲਗਾ ਕਿ ਇਸ ਔਰਤ ਦੇ ਚੇਹਰੇ ਵਿਚ ਕੁਝ ਭੇਤ ਹੈ ਪਤਾ ਨਹੀਂ ਚੰਗਾ ਹੈ ਕਿ ਬੁਰਾ ਪਰ ਮੈਂ ਸਮਝ ਨਾਂ ਸਕਿਆ। ਇਸ ਚੇਹਰੇ ਦੀ ਖੂਬਸੂਰਤੀ ਵਿਚ ਮੈਨੂੰ ਲਗਿਆ ਗਹਿਰੇ ਰਾਜ਼ ਘੁਲੇ ਹੋਏ ਲੱਗਦੇ ਸਨ ਜੋ ਮਨੋਵਿਗਆਨਕ ਸਨ। ਅਤੇ ਬੁਲਾਂ ਤੇ ਫਿਕੀ ਮੁਸਕਾਨ ਬਹੁਤ ਜਟਲ ਪਰ ਕੁਦਰਤੀ ਨਹੀਂ ਸੀ। ਅਤੇ ਮਾਈਕਲ ਬੇਸਬਰੀ ਨਾਲ ਬੋਲਿਆ, 'ਹਾਂ ਤੂੰ ਹੋਰ ਕੀ ਕਹਿੰਦਾਂ ਹੈ ਇਸ ਬਾਰੇ ਮੈਨੂੰ ਦਸ।' ਮੈਂ ਜਵਾਬ ਦਿਤਾ 'ਯਾਰ ਇਹ ਤਾਂ ਮੈਨੂੰ ਕੁਝ ਭੇਤ ਭਰਿਆ ਚੇਹਰਾ ਮਲੂਮ ਹੁੰਦਾ ਹੈ। ਮੈਨੂੰ ਇਸਦੇ ਬਾਰੇ ਹੋਰ ਸਭ ਕੁਝ ਦਸ।' 'ਹੁਣ ਨਹੀਂ ਖਾਣਾ ਖਾਣ ਬਾਦ ਦਸਾਂਗਾ।' ਮਾਈਕਲ ਨੇ ਕਿਹਾ। ਜਦੋਂ ਬੈਹਰਾ ਸਾਡੇ ਵਾਸਤੇ ਕਾਫੀ ਅਤੇ ਸਿਗਰਟ ਲੈ ਕੇ ਆਇਆ ਤਾਂ ਮੈਂ ਉਸ ਨੂੰ ਯਾਦ ਕਰਾਇਆ ਕਿ ਉਹ ਦਸੇ। 'ਮਾਈਕਲ ਕੁਰਸੀ ਤੋਂ ਉਠਿਆ, ਕਮਰੇ ਵਿਚ ਦੋ ਤਿੰਨ ਵਾਰੀ ਉਧਰ ਇਧਰ ਚਲਿਆ ਅਤੇ ਫਿਰ ਕੁਰਸੀ ਤੇ ਬੈਠ ਕੇ ਉਸਨੇ ਮੈਨੂੰ ਉਸ ਔਰਤ ਬਾਰੇ ਦੱਸਣਾ ਸ਼ੁਰੂ ਕੀਤਾ।' ਇਕ ਸ਼ਾਮ ਮੈਂ ਬਰੁਕ ਗਲੀ ਵਿਚ ਪੈਦਲ ਜਾ ਰਿਹਾ ਸੀ। ਗਲੀ ਟਾਂਗਿਆਂ ਨਾਲ ਖਚਾ-ਖਚ ਭਰੀ ਹੋਈ ਸੀ ਅਤੇ ਲਗ ਭਗ ਸਾਰਾ ਟਰੈਫਿਕ ਰੁਕ ਗਿਆ ਸੀ। ਸੜਕ ਦੇ ਕੰਡੇ ਵਲ ਇਕ ਪੀਲੇ ਰੰਗ ਦੀ ਸੋਹਣੀ ਬਘੀ ਖਲੋਤੀ ਹੋਈ ਸੀ ਅਤੇ ਮੇਰਾ ਧਿਆਨ ਉਸ ਗਡੀ ਵਲ ਖਿਚਿਆ ਗਿਆ। ਜਦੋਂ ਹੀ ਬਘੀ ਦੇ ਕੋਲੋਂ ਮੈਂ ਲੰਘਿਆ ਤਾਂ ਮੈਂ ਇਕ ਔਰਤ ਦਾ ਚੇਹਰਾ ਦੇਖਿਆ ਜਿਸ ਦੀ ਮੈਂ ਤੈਨੂੰ ਫੋਟੋ ਦਸੀ ਹੈ। ਮੈਂ ਉਸ ਔਰਤ ਪਰ ਮੋਹਿਤ ਹੋ ਗਿਆ ਅਤੇ ਸਾਰੀ ਰਾਤ ਉਸ ਬਾਰੇ ਸੋਚਦਾ ਰਿਹਾ ਅਤੇ ਅਗਲੇ ਦਿਨ ਵੀ। ਉਸ ਦੇ ਅਗਲੇ ਦਿਨ ਮੈਂ ਉਸੇ ਗਲੀ ਵਿਚ ਉਸੇ ਥਾਂ ਗਿਆ ਅਤੇ ਕਈ ਟਾਂਗੇ ਦੇਖਦਾ ਰਿਹਾ ਕਿ ਉਹ ਸੋਹਣੀ ਬਘੀ ਲੰਘਦੀ ਦੇਖ ਸਕਾਂ ਪਰ ਉਹ ਬਘੀ ਨਾ ਆਈ ਅਤੇ ਆਖਰ ਮੰਨ ਨਾਲ ਇਹ ਸਮਝੌਤਾ ਕਰ ਲਿਆ ਕਿ ਇਹ ਇਕ ਸੁਪਨਾ ਸੀ। ਇਕ ਹਫਤੇ ਬਾਦ ਮੈਂ ਕਿਸੇ ਦੋਸਤ ਨਾਲ ਇਕ ਰੈਸਟੋਰੈਂਟ ਵਿਚ ਖਾਣਾ ਖਾਣ ਦੇ ਬਾਦ ਜਦੋਂ ਅਸੀਂ ਦੋਵੇਂ ਦੋਸਤ ਉਸ ਰੈਸਟੋਰੈਂਟ ਦੇ ਹਾਲ ਵਿਚ ਖਲੋਤੇ ਹੋਏ ਸੀ ਕਿ ਉਥੋਂ ਦੇ ਨੌਕਰ ਨੇ ਇਕ ਦਰਵਾਜ਼ਾ ਖੋਲਿਆ ਅਤੇ ਬੋਲਿਆ ਮੈਂਡਮ ਸ਼ੇਰਾਹ। ਇਹ ਉਹ ਹੀ ਔਰਤ ਸੀ ਜਿਸ ਨੂੰ ਮੈਂ ਲੱਭਦਾ ਰਿਹਾ। ਉਹ ਬਹੁਤ ਹੌਲੀ ਚਲਦੀ ਹੋਈ ਆਈ ਭੂਰੇ ਸੁੰਦਰ ਘੇਰੇ ਵਾਲੀ ਸਕਰਟ ਪਾਈ ਅਤੇ ਮੈਨੂੰ ਲੱਗੀ ਜਿਵੇਂ ਕੇ ਚੰਦਰਮਾ ਦੀ ਕਿਰਨ ਹੋਵੇ ਅਤੇ ਮੇਰੀ ਖੁਸ਼ੀ ਦੀ ਹੱਦ ਨਾਂ ਰਹੀ ਜਦੋਂ ਕਿਸੇ ਨੇ ਮੇਰੇ ਵਲ ਇਸ਼ਾਰਾ ਕਰ ਕੇ ਮੈਨੂੰ ਕਿਹਾ ਕਿ ਇਸ ਔਰਤ ਨੂੰ ਮੈਂ ਡਿਨਰ ਵਾਲੇ ਕਮਰੇ ਵਲ ਲੈ ਜਾਵਾਂ। ਮੈਂ ਉਸ ਦੋਸਤ ਨੂੰ

ਕਿਹਾ, ਤੂੰ ਚਲ ਫਿਰ ਮਿਲਾਂਗੇ"। ਜਦੋਂ ਅਸੀਂ ਦੋਵੇਂ, ਮੈਂਡਮ ਸ਼ੇਰਾਹ ਅਤੇ ਮੈਂ, ਕਮਰੇ ਵਿਚ ਬੈਠ ਗਏ ਤਾਂ ਮੈਂ ਉਸ ਨੂੰ ਬੜੇ ਭੋਲੇਪਣ ਵਿਚ ਕਿਹਾ, ਮੈਂਡਮ ਸ਼ੇਰਾਹ! ਮੈਂ ਪਹਿਲਾਂ ਵੀ ਤੁਹਾਨੂੰ ਇਕ ਦਿਨ ਵੇਖਿਆ ਸੀ। ਉਸਦਾ ਰੰਗ ਪੀਲਾ ਪੈ ਗਿਆ ਅਤੇ ਬੜੀ ਹੌਲੀ ਬੋਲੀ, ਅਜੀ, ਰਬ ਦੇ ਵਾਸਤੇ ਉਚੀ ਨਾ ਬੋਲੋ ਕੋਈ ਸੁਣ ਲਵੇਗਾ। ਮੈਂ ਬੜਾ ਅਭਾਗਾ ਮਹਿਸੂਸ ਕੀਤਾ ਕਿ ਮੇਰੀ ਗੱਲ ਬਾਤ ਕਰਨ ਦੀ ਸ਼ੁਰੂਆਤ ਹੀ ਭੈੜੀ ਹੋਈ ਹੈ। ਉਹ ਬੜਾ ਥੋੜ੍ਹਾ ਬੋਲੀ। ਪਰ ਸੰਗੀਤ ਜੈਸੀ ਹੌਲੀ ਆਵਾਜ਼ ਵਿਚ ਮੇਰੇ ਨਾਲ ਗਲ ਕਰਦੀ ਰਹੀ। ਉਹਨੂੰ ਲਗਦਾ ਸੀ ਕਿ ਕੋਈ ਸੁਣ ਨਾ ਲਵੇ। ਮੈਂ ਮੰਨ ਹੀ ਮੰਨ ਵਿਚ ਅਤੀ ਤੇਜ ਭਾਵਨਾ ਨਾਲ ਅਤੇ ਝਲਿਆਂ ਵਾਂਗੂੰ ਉਸ ਤੇ ਮੋਹਿਤ ਹੋ ਰਿਹਾ ਸੀ। ਮੈਨੂੰ ਉਹ ਪਿਆਰੀ ਲਗੀ। ਮੈਂ ਉਸਦੇ ਰਹਿਸਮਯੀ ਅੰਦਾਜ਼ ਤੇ ਬੜੇ ਉਤਸੁਕਤਾ ਨਾਲ ਪ੍ਰਭਾਵਿਤ ਹੋ ਗਿਆ। ਖਾਣਾ ਖਾਣ ਬਾਦ ਉਹ ਝਟ ਚਲੀ ਗਈ ਅਤੇ ਮੈਂ ਜਾਂਦੀ ਹੋਈ ਨੂੰ ਕਿਹਾ ਕਿ, ਕੀ ਮੈਂ ਉਸ ਨੂੰ ਫਿਰ ਵੀ ਮਿਲ ਸਕਦਾ ਹਾਂ? ਉਹ ਝਿਜਕੀ ਅਤੇ ਆਲੇ ਦੁਆਲੇ ਵੇਖ ਕੇ ਕਿ ਕੋਈ ਸੁਣ ਨਾ ਲਵੇ ਬੋਲੀ, ਹਾਂ ਕਲ ਸ਼ਾਮ ਨੂੰ ਪੰਜ ਵਜੇ ਇਸੇ ਰੈਸਟੋਰੈਂਟ ਵਿਚ। ਮੈਂ ਬੜੇ ਤਰਲੇ ਕਰ ਕੇ ਹੋਟਲ ਵਾਲਿਆਂ ਕੋਲੋ ਉਸ ਦਾ ਪਤਾ ਲਿਆ ਕਿ ਉਹ ਪਾਰਕ ਵਾਲੀ ਗਲੀ ਵਿਚ ਇਕ ਸੁੰਦਰ ਘਰ ਵਿਚ ਰਹਿੰਦੀ ਹੈ। ਮੇਰੇ ਤੇ ਉਸ ਦਾ ਜਾਦੂ ਹੋ ਗਿਆ ਅਤੇ ਮੈਂ ਅਪਨੇ ਘਰ ਖੁਸ਼ੀ ਨਾਲ ਨਸ਼ਿਆਇਆ ਹੋਇਆ ਆ ਗਿਆ।

ਦੂਸਰੇ ਦਿਨ ਮੈਂ ਬਿਲਕੁਲ ਸਮੇਂ ਸਿਰ ਉਸ ਰੈਸਟੋਰੈਂਟ ਪਹੁੰਚ ਗਿਆ, ਪਰ ਬੈਹਰੇ ਨੇ ਕਿਹਾ ਕਿ ਮੈਂਡਮ ਸ਼ੇਰਾਹ ਅਜੇ ਹੁਣੇ-ਹੁਣੇ ਬਾਹਰ ਚਲੀ ਗਈ ਹੈ। ਨਾ-ਖੁਸ਼ ਅਤੇ ਬੜਾ ਪਰੇਸ਼ਾਨ ਹੋਇਆ ਮੈਂ ਕਲੱਬ ਗਿਆ। ਉਥੇ ਬੜੀ ਸੋਚ ਵਿਚਾਰ ਬਾਦ ਮੈਂ ਮੈਂਡਮ ਸ਼ੇਰਾਹ ਨੂੰ ਇਕ ਚਿਠੀ ਲਿਖੀ ਕਿ ਕੀ ਕਿਸੇ ਹੋਰ ਦਿਨ ਮੈਂ ਤੁਹਾਨੂੰ ਮਿਲਣ ਲਈ ਆਪਣੀ ਕਿਸਮਤ ਅਜ਼ਮਾਅ ਸਕਦਾ ਹਾਂ। ਕਈ ਦਿਨ ਜੁਆਬ ਨਾ ਆਇਆ। ਪਰ ਆਖਰ ਇਕ ਦਿਨ ਮੈਂਡਮ ਸ਼ੇਰਾਹ ਨੇ ਮੈਨੂੰ ਛੋਟੀ ਜਹੀ ਚਿਠੀ ਲਿਖੀ ਕਿ ਮੈਂ ਚਾਰ ਵਜੇ ਉਸ ਨੂੰ ਉਹਦੇ ਘਰ ਐਤਵਾਰ ਵਾਲੇ ਦਿਨ ਮਿਲ ਸਕਦਾ ਹਾਂ। ਇਕ ਚਿਤਾਵਨੀ ਵੀ ਸੀ ਕਿ ਮੈਂ ਹੋਰ ਉਸ ਨੂੰ ਚਿਠੀ ਨਾ ਲਿਖਾਂ ਜਿਸ ਦੀ ਵਜਾਹ ਮੈਨੂੰ ਮੈਂਡਮ ਸ਼ੇਰਾਹ ਮਿਲਣ ਵੇਲੇ ਦਸੇਗੀ। ਆਉਂਦੇ ਐਤਵਾਰ ਮੈਂ ਉਸਦੇ ਘਰ ਗਿਆ। ਉਸਨੇ ਮੈਨੂੰ ਬੜੀ ਖੁਸ਼ੀ ਨਾਲ ਜੀ ਆਇਆਂ ਕਿਹਾ ਅਤੇ ਉਹ ਮੈਨੂੰ ਬੜੀ ਪਿਆਰੀ ਅਤੇ ਚੰਗੀ ਲੱਗੀ। ਜਦੋਂ ਮੈਂ ਵਾਪਸ ਉਸਦੇ ਘਰ ਤੋਂ ਚਲਿਆ ਤਾਂ ਉਸ ਨੇ ਕਿਹਾ ਕਿ ਜੇ ਮੈਂ ਕਦੀ ਚਿਠੀ ਲਿਖਾਂ ਤਾਂ ਉਹ Mrs. Monica, C/O New London's Library, Green Street ਦੇ ਪਤੇ ਤੇ ਹੋਵੇ ਕਿਉਂਕਿ ਕੁਝ ਕਾਰਣ ਹੈ ਕਿ ਮੈਂ ਆਪਨੇ ਘਰ ਦੇ ਪਤੇ ਤੇ ਚਿਠੀ ਨਹੀਂ ਲੈਣਾ ਚਾਹੁੰਦੀ। ਮੈਂ ਉਸਦੇ ਘਰ ਬੜੀ ਵਾਰੀ ਗਿਆ ਪਰ ਉਸਦੇ ਰਹਿਸਮਯੀ ਹੋਣ ਦਾ ਕਾਰਣ ਨਾ ਸਮਝ ਸਕਿਆ। ਮੈਂਡਮ ਸ਼ੇਰਾਹ ਨੂੰ ਮੈਂ ਬਹੁਤ ਵਾਰੀ ਕੈਹ ਚੁਕਾ ਸੀ ਕਿ ਉਹ ਅਪਨੇ ਬਾਰੇ ਦਸੇ। ਪਰ ਉਸ ਕੁਝ ਨਾ ਦਸਿਆ ਅਤੇ ਮੈਨੂੰ ਲਗਾ ਕਿ ਉਹ ਇਕ ਸੁੰਦਰ ਖੋਲ ਬਣਾ ਕਿ ਵਿਚ ਲੁਕੀ ਹੋਈ ਹੈ। ਕਈ ਵਾਰੀ ਮੈਨੂੰ ਲਗਾ ਕਿ ਉਸ ਨੂੰ ਕਿਸੇ ਹੋਰ ਆਦਮੀ ਨਾਲ ਦਿਲਚਸਪੀ ਹੋਵੇਗੀ; ਪਰ ਮੈਨੂੰ ਯਕੀਨ ਨਾ ਹੋਇਆ ਕਿਉਂਕਿ ਮੈਂਡਮ ਸ਼ੇਰਾਹ ਨੂੰ ਮਿਲਣਾ ਕਿਸੇ ਦੀ ਵੀ ਪਹੁੰਚ ਤੋਂ0 ਬਾਹਰ ਲਗਦਾ ਸੀ। ਉਸਦਾ ਰਹਿਸਮਯੀ ਰਹਿਣਾ ਮੇਰੇ ਲਈ ਰਾਜ਼ ਹੀ ਰਿਹਾ। ਮੈਂ ਫੈਸਲਾ ਕਰ ਲਿਆ ਕਿ ਉਸ ਨਾਲ ਸ਼ਾਦੀ ਕਿਉਂ ਨਾ ਕਰ ਲਵਾਂ। ਅਸੀਂ ਸੋਮਵਾਰ ਨੂੰ ਲਾਇਬਰੇਰੀ ਵਿਚ ਮਿਲੇ ਅਤੇ ਕੁਝ ਗਲਾਂ ਅਸੀਂ ਕੀਤੀਆਂ। ਮੈਂਡਮ ਸ਼ੇਰਾਹ ਨੇ ਕਿਹਾ ਕਿ ਉਹ ਜਲਦੀ ਅਪਨੇ ਘਰ ਜਾਣਾ ਚਾਹੁੰਦੀ ਹੈ ਅਤੇ ਫਿਰ ਚਲੀ ਗਈ। ਮੈਂ ਵੀ ਉਠ ਕੇ ਅਪਨੇ ਘਰ ਆ ਗਿਆ। ਹੁਣ ਮੇਰਾ ਦਿਲ ਹਮੇਸ਼ਾ ਮੈਂਡਮ ਸ਼ੇਰਾਹ ਨੂੰ ਮਿਲਣ ਲਈ ਕਰਦਾ ਰਹਿੰਦਾ। ਦੂਸਰੇ ਦਿਨ ਹੀ ਮੈਂ ਛੇ ਵਜੇ ਮੈਂਡਮ ਸ਼ੇਰਾਹ ਨੂੰ ਫੋਨ ਕੀਤਾ ਕੇ ਮੈਂ ਉਸਦੇ ਘਰ ਆ ਰਿਹਾ ਹਾਂ। ਉਸਦੇ ਘਰ ਜਾਣ ਲਈ ਭੀੜੀਆਂ ਗਲੀਆਂ ਵਾਲਾ ਰਸਤਾ ਲਿਆ ਜੋ ਕਿ ਜਲਦੀ ਪਹੁੰਚਦਾ ਸੀ। ਮੈਨੂੰ ਇਕ ਦਮ ਮੈਂਡਮ ਸ਼ੇਰਾਹ ਮੇਰੇ ਅਗੇ ਜਾਂਦੀ ਦਿਸੀ। ਉਹ ਇਹ ਕੀ! ਉਸਨੇ ਬੁਰਕਾ ਪਾਇਆ ਹੋਇਆ ਸੀ ਅਤੇ ਬੜੀ ਤੇਜ ਤੇਜ ਚਲ ਰਹੀ ਸੀ। ਗਲੀ ਦੇ ਆਖਰੀ ਘਰ ਉਹ ਪੌੜੀਆਂ ਚੜੀ; ਫਿਰ ਚਾਬੀ ਨਾਲ ਦਰਵਾਜ਼ਾ ਖੋਲ ਕਿ ਅੰਦਰ ਵੜ ਗਈ। ਮੈਂ ਅਪਨੇ-ਅਪ ਨੂੰ ਕਿਹਾ ਇਥੇ ਹੀ ਇਸਦਾ ਰਹਿਸਮਈ ਰਾਜ ਹੈ ਜਿਸਦਾ ਅਜ ਮੈਂ ਜ਼ਰੂਰ ਪਤਾ ਕਰਾਂਗਾ। ਮੈਂ ਵੀ ਜਲਦੀ-ਜਲਦੀ ਪੌੜੀਆਂ ਚੜ ਗਿਆ। ਦਰਵਾਜ਼ੇ ਸਾਹਮਣੇ ਉਸਦਾ ਰੁਮਾਲ ਡਿਗਿਆ ਹੋਇਆ ਸੀ। ਮੈਂ ਚੁਕ ਕੇ ਅਪਨੇ ਬੋਝੇ ਵਿਚ ਪਾ ਲਿਆ। ਫਿਰ ਮੈਨੂੰ ਖਿਆਲ ਆਇਆ ਕਿ ਕੀ ਕਰਾਂ। ਮੈਂ ਇਸ ਨਤੀਜੇ ਤੇ ਪਹੁੰਚਿਆ ਕਿ ਮੈਨੂੰ ਕੋਈ ਹਕ ਨਹੀਂ ਕਿ ਮੈਂ ਮੈਂਡਮ ਸ਼ੇਰਾਹ ਦਾ ਪਿਛਾ ਕਰਾਂ। ਮੈਂ ਬੇ-ਆਰਾਮ ਅਤੇ ਉਦਾਸ ਮਹਿਸੂਸ ਕਰ ਰਿਹਾ ਸੀ। ਸੋਚਿਆ ਕਿਸੇ ਰੈਸਟੋਰੈਂਟ ਜਾਵਾਂ ਅਤੇ ਅਰਾਮ ਨਾਲ ਬੈਠ ਕੇ ਕੁਝ ਖਾਵਾਂ। ਪਰ ਫਿਰ ਮੰਨ ਬਦਲ ਲਿਆ ਅਤੇ ਉਸਦੇ ਘਰ ਜਾਣ ਲਈ ਵਾਪਸ ਮੁੜਿਆ। ਉਸਦੇ ਘਰ ਪਹੁੰਚ ਗਿਆ। ਉਹ ਸੋਫੇ ਤੇ ਲੇਟੀ ਹੋਈ ਸੀ ਚਾਹ ਰੰਗਾ ਗਾਊਣ ਪਹਿਣੀ। ਉਸਦਾ ਸੋਹਣਾ ਚੇਹਰਾ ਅਤੇ ਮਥਾ ਬਿਲਕੁਲ ਤਨਾਅ ਰਹਿਤ ਸੀ। ਉਹ ਬਹੁਤ ਸੁੰਦਰ ਲਗੀ ਅਤੇ ਉਸਨੇ ਮੁਸਕਰਾ ਕਿ ਕਿਹਾ, ਤੁਹਾਨੂੰ ਦੇਖ ਕੇ ਮੈਂ ਬੜੀ ਖੁਸ਼ ਹੋਈ ਹਾਂ। ਅਜ ਉਹ ਕਿਧਰੇ ਬਾਹਰ ਨਹੀਂ ਗਈ। ਮੈਂ ਉਸ ਵਲ ਬੜੀ ਹੈਰਾਨੀ ਨਾਲ ਤਕਿਆ ਅਤੇ ਬੋਝੇ ਵਿਚੋਂ ਰੁਮਾਲ ਕੱਢ ਕੇ ਉਸਨੂੰ ਦੇਣ ਲਈ ਹੱਥ ਅਗੇ ਕੀਤਾ। ਮੈਂ ਬੜੇ ਸਹਿਜ ਭਰੀ ਆਵਾਜ ਨਾਲ ਕਿਹਾ ਕਿ, ਮੈਂਡਮ ਸ਼ੇਰਾਹ, ਇਹ ਰੁਮਾਲ ਤੁਸੀਂ ਇਕ ਘਰ ਦੀ ਉਪਰਲੀ ਮੰਜਲ ਦੇ ਇਕ ਕਮਰੇ ਦੇ ਦਰਵਾਜ਼ੇ ਦੇ ਸਾਹਮਣੇ ਅਜ ਦੁਪੈਹਰ ਦੇ ਬਾਦ ਸੁਟ

ਆਏ ਸੀ। ਉਸਨੇ ਮੇਰੇ ਵਲ ਬੜੇ ਗੁਸੇ ਨਾਲ ਤਕਿਆ। ਉਸਨੇ ਰੁਮਾਲ ਪਕੜਣ ਦੀ ਕੋਸ਼ਿਸ਼ ਨਾ ਕੀਤੀ। ਮੈਂ ਕਿਹਾ, ਤੁਸੀਂ ਉਥੇ ਕੀ ਕਰਨ ਗਏ ਸੀ। ਉਹ ਬੋਲੀ, ਕੀ ਹਕ ਹੈ ਤੁਹਾਨੂੰ ਇਹ ਸੁਆਲ ਮੇਰੇ ਤੇ ਕਰਨ ਦਾ? ਮੈਂ ਜੁਆਬ ਦਿਤਾ, ਇਹ ਉਸ ਆਦਮੀ ਦਾ ਹਕ ਹੈ ਜੋ ਤੁਹਾਨੂੰ ਪਿਆਰ ਕਰਦਾ ਹੈ ਅਤੇ ਮੈਂ ਤੁਹਾਨੂੰ ਇਹ ਕਹਿਣ ਆਇਆ ਹਾਂ ਕਿ ਤੁਸੀ ਮੇਰੀ ਵਹੁਟੀ ਬਨਣਾ ਪਸੰਦ ਕਰੋਗੇ। ਉਸਨੇ ਅਪਨਾ ਚੇਹਰਾ ਹਥਾਂ ਨਾਲ ਢਕ ਲਿਆ ਅਤੇ ਫੁਟ-ਫੁਟ ਕੇ ਰੋਈ। ਬਹੁਤ ਅਥਰੂ ਵਗੇ। ਮਾਈਕਲ ਬੋਲਦਾ ਗਿਆ, ਤੈਨੂੰ ਦਸਣਾ ਹੋਵੇਗਾ ਮੈਨੂੰ ਮੈਂਡਮ ਸ਼ੇਰਾਹ ਉਠ ਖਲੋਤੀ ਅਤੇ ਮਾਈਕਲ ਦੀਆਂ ਅਖਾਂ ਵਿਚ ਅਖਾਂ ਮਿਲਾ ਕਿ ਬੋਲੀ, ਮੇਰੇ ਕੋਲ ਦਸਣ ਲਈ ਕੁਝ ਨਹੀਂ ਹੈ। ਮੈਂ ਚੀਖਿਆ, ਤੂੰ ਕਿਸੇ ਨੂੰ ਮਿਲਣ ਗਈ ਹੋਵੇਗੀ ਜੋ ਤੇਰੇ ਰਹਿਸਮਯੀ ਦਾ ਰਾਜ਼ ਹ। ਉਹ ਡਰ ਨਾਲ ਚਿਟੀ ਪੈ ਗਈ, ਅਤੇ ਬੋਲੀ, ਮੈਂ ਕਿਸੇ ਨੂੰ ਮਿਲਣ ਨਹੀਂ ਗਈ। ਮਾਈਕਲ, ਤੂੰ ਕਿਉਂ ਸਚ ਨਹੀਂ ਦਸ ਸਕਦੀ। ਉਹ ਬੋਲੀ, ਮੈਂ ਤੋਹਾਨੂੰ ਦੱਸ ਦਿੱਤਾ ਹੈ। ਮੈਂ ਬੜਾ ਉਤੇਜਿਤ ਅਤੇ ਗੁਸੇ ਨਾਲ ਉਸ ਨੂੰ ਬਹੁਤ ਕੁਝ ਕਹਿੰਦਾ ਗਿਆ ਅਤੇ ਆਖਰ ਘਰੋਂ ਬਾਹਰ ਚਲਾ ਗਿਆ। ਉਸ ਨੇ ਫੋਨ ਤੇ ਮੇਰੇ ਨਾਲ ਗਲ ਕਰਨੀ ਚਾਹੀ ਪਰ ਮੈਂ ਫੋਨ ਬੰਦ ਕਰ ਦਿਤਾ। ਉਸ ਨੇ ਇਕ ਚਿਠੀ ਵੀ ਮੈਨੂੰ ਲਿਖੀ ਜਿਹੜੀ ਕਿ ਬਿਨਾ ਖੋਲੇ ਉਸ ਨੂੰ ਵਾਪਸ ਭੇਜ ਦਿਤੀ ਮੈਂ ਕਿਸੇ ਦੋਸਤ ਨਾਲ ਸਵੀਡਨ ਇਕ ਮਹੀਨੇ ਵਾਸਤੇ ਗਿਆ ਅਤੇ ਵਾਪਸ ਆਉਣ ਤੇ ਸਭ ਤੋ ਪਹਿਲਾਂ ਜੋ ਮੈਨੂੰ ਕਿਸੇ ਤੋ ਖ਼ਬਰ ਮਿਲੀ ਕਿ ਮੇਰੀ ਪਸੰਦ-ਦੀਦਾ ਔਰਤ ਦੀ ਮੌਤ ਹੋ ਗਈ ਹੈ। ਉਸ ਨੂੰ ਠੰਡ ਨਾਲ ਨਮੂਨੀਆ ਹੋ ਗਿਆ ਸੀ ਅਤੇ ਸਤਾਂ ਦਿਨਾਂ ਵਿਚ ਹੀ ਰਬ ਨੂੰ ਪਿਆਰੀ ਹੋ ਗਈ ਸੀ। ਮੈਂ ਅਪਨੇ ਘਰ ਵਿਚ ਹੀ ਗਮਗੀਨ ਹਾਲਤ ਵਿਚ ਰਿਹਾ ਅਤੇ ਕਿਸੇ ਨੂੰ ਨਾ ਮਿਲਆ। ਮੈਂ ਉਸ ਨੂੰ ਕਿੰਨਾ ਪਿਆਰ ਕਰਦਾ ਸੀ; ਪਾਗਲਾਂ ਵਾਂਗੂੰ ਪਿਆਰ ਕਰਦਾ ਸੀ। ਉਹ ਮੇਰੇ ਰਬਾ! ਮੈਂ ਉਸ ਔਰਤ ਨੂੰ ਕਿੰਨਾ ਪਿਆਰ ਕੀਤਾ ਹੈ। ਜ਼ਰੂਰ ਉਸਨੂੰ ਵੀ ਪਤਾ ਹੋਵੇਗਾ।

ਮੈਂ ਰਹਿ ਨਾ ਸਕਿਆ ਕੇ ਕੀ ਰਾਜ ਸੀ ਉਸ ਔਰਤ ਦਾ। ਦੂਸਰੀ ਮੰਜਲ ਵਾਲੇ ਘਰ ਜਾਣ ਦਾ। ਮੈਂ ਉਸ ਘਰ ਸ਼ਿਫਟ ਕਰਨ ਦਾ ਮੰਨ ਬਣਾ ਲਿਆ ਸੀ ਕਿਉਂਕਿ ਮੈਨੂੰ ਉਸਦੀ ਬੜੀ ਯਾਦ ਆਉਂਦੀ ਸੀ। ਅਤੇ ਉਸਦੀ ਮੌਤ ਦੇ ਤਿੰਨ ਮਹੀਨੇ ਬਾਦ ਮੈਂ ਉਸੇ ਘਰ ਗਿਆ ਅਤੇ ਦਰਵਾਜ਼ਾ ਖੜਕਾਇਆ। ਇਕ ਇੱਜ਼ਤਦਾਰ ਸ਼ਕਲ ਵਾਲੀ ਔਰਤ ਨੇ ਦਰਵਾਜ਼ਾ ਖੋਲਿਆ। ਮੈਂ ਪੁਛਿਆ ਕੀ ਤੁਹਾਡੇ ਕੋਲ ਕੋਈ ਕਮਰਾ ਹੈ ਕਿਰਾਏ ਤੇ ਦੇਣ ਵਾਸਤੇ। ਉਸ ਘਰ ਦੀ ਮਾਲਕਿਨ ਨੇ ਕਿਹਾ, ਜਨਾਬ ਹੈ। ਪਰ ਇਕ ਔਰਤ ਨੇ ਇਹ ਕਮਰਾ ਕਿਰਾਏ ਤੇ ਲਿਆ ਹੋਇਆ ਹੈ ਲੇਕਿਨ ਤਿੰਨ ਮਹੀਨੇ ਹੋ ਗਏ ਹਨ ਉਹ ਕਦੀ ਨਹੀਂ ਆਈ ਇਥੇ। ਮੈਂ ਉਸ ਨੂੰ ਫੋਟੋ ਦਸੀ ਕੀ ਇਹ ਫੋਟੋ ਉਸੇ ਔਰਤ ਦੀ ਹੈ। ਮਾਲਕਿਨ ਨੇ ਕਿਹਾ, ਹਾਂ ਇਹੋ ਹੀ ਹੈ ਅਤੇ ਉਹ ਕਦੋਂ ਆਵੇਗੀ ਇਥੇ।

ਮੈਂ ਕਿਹਾ, ਉਹ ਔਰਤ ਮਰ ਗਈ ਹੈ। ਮਾਲਕਿਨ ਬੋਲੀ, ਇਹ ਨਹੀਂ ਹੋ ਸਕਦਾ। ਉਹ ਮੇਰੀ ਸਭ ਤੋ ਚੰਗੀ ਕਿਰਾਏਦਾਰ ਸੀ। ਉਹ ਔਰਤ ਇਥੇ ਕੁਝ ਦਿਨਾਂ ਬਾਦ ਆਉਂਦੀ ਸੀ ਸਿਰਫ ਇਕੱਲੀ ਕਮਰੇ ਵਿਚ ਬੈਠਣ ਲਈ ਕਦੀ ਕਦਾਈ ਅਤੇ ਫਿਰ ਚਲੀ ਜਾਂਦੀ। ਮੈਨੂੰ ਕਿਰਾਇਆ ਵਕਤ ਸਿਰ ਦਿੰਦੀ ਸੀ ਹਮੇਸ਼ਾ; ਬਸ ਇਸ ਬੀਤੇ ਤਿੰਨ ਮਹੀਨੇ ਦਾ ਕਿਰਾਇਆ ਨਹੀਂ ਦਿੱਤਾ ਹੈ।

ਮੈਂ ਪੁਛਿਆ, ਕੀ ਕਿਸੇ ਆਦਮੀ ਯਾ ਹੋਰ ਕਿਸੇ ਨੂੰ ਉਹ ਇਥੇ ਮਿਲਦੀ ਸੀ। ਮਾਲਕਿਨ ਨੇ ਕਿਹਾ, ਨਹੀਂ ਕਿਸੇ ਨੂੰ ਨਹੀਂ ਮਿਲਦੀ ਸੀ ਉਹ ਹਮੇਸ਼ਾ ਇਕੱਲੀ ਹੀ ਆਇਆ ਕਰਦੀ ਸੀ। ਮੈਂ ਉਚੀ ਬੋਲਿਆ, ਫਿਰ ਉਹ ਇਥੇ ਕੀ ਕਰਦੀ ਸੀ। ਮਾਲਕਿਨ ਬੋਲੀ, ਉਹ ਚੰਗੀ ਔਰਤ ਸਿਰਫ ਕਮਰੇ ਵਿਚ ਬੈਠਦੀ ਯਾ ਕਿਤਾਬਾਂ ਪੜ੍ਹਦੀ ਅਤੇ ਕਦੀ ਮੇਰੇ ਨਾਲ ਚਾਹ ਪੀ ਕੇ ਚਲੀ ਜਾਂਦੀ। ਮੈਂ ਉਸ ਮਾਲਕਿਨ ਨੂੰ ਕੁਝ ਨਾ ਕਿਹਾ ਬਸ ਤਿੰਨ ਮਹੀਨੇ ਦਾ ਕਿਰਾਇਆ ਦੇ ਕੇ ਵਾਪਸ ਪਰਤ ਆਇਆ। ਮਾਈਕਲ ਨੂੰ ਮੈਂ ਪੁਛਿਆ, ਮਾਈਕਲ! ਕੀ ਅਜੇ ਵੀ ਤੈਨੂੰ ਉਸ ਔਰਤ ਤੇ ਸ਼ੱਕ ਹੈ? ਕੀ ਅਜੇ ਵੀ ਤੂੰ ਸਮਝਦਾ ਹੈਂ ਕਿ ਉਸ ਨੇ ਠੀਕ ਨਹੀਂ ਸੀ ਕਿਹਾ ਕਿ ਉਸ ਕੋਲ ਹੋਰ ਦਸਣ ਲਈ ਕੁਝ ਨਹੀਂ ਹੈ? ਮਾਈਕਲ ਨੇ ਕਿਹਾ, ਤੂੰ ਹੀ ਦਸ ਫਿਰ ਮੇਰੀ ਹੋਣ ਵਾਲੀ ਪਤਨੀ ਕਿਉਂ ਉਥੇ ਜਾਂਦੀ ਸੀ? ਮੈਂ ਜੁਆਬ ਦਿਤਾ, ਤੇਰੀ ਹੋਣ ਵਾਲੀ ਪਤਨੀ ਨੂੰ ਸਿਰਫ ਇਕ ਪਾਗਲ ਜਿਹੀ ਧੁੰਨ ਸੀ ਰਾਜ਼ ਮਈ ਮਹੌਲ ਬਣਾਈ ਰੱਖਣ ਦਾ। ਇਕ ਚੋਲੇ ਵਿਚ ਛੁਪ ਕੇ ਜਾਣ ਵਾਸਤੇ ਹੀ ਵਖਰਾ ਕਮਰਾ ਲਿਆ ਸੀ ਉਸਨੇ ਕਰਾਏ ਤੇ। ਉਹ ਅਪਨੀ ਮੌਜ ਸਮਝਦੀ ਸੀ ਕਿ ਐਵੇਂ ਇਕ ਗੁਪਤ ਰਾਜ਼ ਉਸ ਦੀ ਜ਼ਿੰਦਗੀ ਦਾ ਰਹੱਸ ਰਵੇ। ਉਸ ਨੂੰ ਇਕ ਧੁੰਨ ਸੀ ਭੇਤ ਬਣਾਈ ਰੱਖਣ ਦਾ ਪਰ ਉਹ ਹੈ ਸੀ ਬਿੰਨਾ ਭੇਤ ਦੇ। ਉਹ ਬੜੀ ਚੰਗੀ ਸੀ। ਮਾਈਕਲ ਬੋਲਿਆ, ਕੀ ਤੂੰ ਉਸਦਾ ਭੇਤ ਬਣਾਈ ਰਖਨਾ ਠੀਕ ਸਮਝਦਾ ਹੈਂ? ਮੈਂ ਕਿਹਾ, ਮੈਨੂੰ ਇਸ ਬਾਰੇ ਪੂਰਾ ਯਕੀਨ ਹੈ ਕਿ ਤੇਰੀ ਹੋਣ ਵਾਲੀ ਪਤਨੀ ਸਹੀ ਸੀ। ਮਾਈਕਲ ਨੇ ਕਿਹਾ, ਮੇਰਾ ਤੇ ਇਸ ਭੇਤ ਨੇ ਸਭ ਕੁਝ ਖਤਮ ਕਰ ਦਿਤਾ ਹੈ ਨਾਂ!

ਮਾਈਕਲ ਨੇ ਡਬੀ ਵਿਚ ਫੋਟੋ ਦੇਖੀ ਅਤੇ ਫਿਰ ਬੰਦ ਕਰ ਲਈ।

ਮੈਂ ਕਿਹਾ, ਮਾਈਕਲ ਚਲ ਉਠ ਘਰ ਚਲੀਏ। ਐਂਵੇ ਬੀਤ ਚੁਕੀ ਮੁਹੱਬਤ ਨੂੰ ਯਾਦ ਨਾ ਕਰ। ਦਸ ਕੀ ਫਾਇਦਾ ਹੈ। ਉਸ ਨੂੰ ਜਿੰਨੀ ਜਲਦੀ ਹੋਵੇ ਭੁਲਾ ਦੇ। ਤੇਰੇ ਸਾਹਮਣੇ ਇਕ ਲੰਬੀ ਜ਼ਿੰਦਗੀ ਅਜੇ ਹੈ ਬਾਕੀ। ਕਿਸੇ ਹੋਰ ਨੂੰ ਜੀਵਣ ਦੇ ਰਾਹ ਦਾ ਸਾਥੀ ਬਣਾ ਲੈ।

ਮਾਈਕਲ ਨੇ ਹਾਂ ਦੇ ਇਸ਼ਾਰਾ ਦਰਸਾਂਦੇ ਅਪਨੇ ਸਿਰ ਨੂੰ ਹਲਾਇਆ ਅਤੇ ਅਸੀਂ ਬਾਹਰ ਟਾਂਗੇ ਵਿਚ ਜਾ ਬੈਠੇ।

# ਦੋ ਗੁਆਂਢੀ

ਇਕ ਪਿੰਡ ਵਿਚ ਬੰਤਾ ਨਾਮ ਦਾ ਕਿਸਾਨ ਰਹਿੰਦਾ ਸੀ। ਉਹ ਬੜਾ ਸਫਲ, ਤਗੜਾ ਅਤੇ ਮੇਹਨਤੀ ਸੀ। ਉਸ ਦੇ ਤਿੰਨ ਪੁਤਰ ਸਨ। ਵਡਾ ਵਿਆਹਿਆ, ਦੂਜੇ ਦਾ ਵਿਆਹ ਹੋਣ ਵਾਲਾ ਸੀ ਅਤੇ ਤੀਸਰਾ ਡੰਗਰਾਂ ਦਾ ਖਿਆਲ ਰਖਦਾ। ਉਸ ਦੀ ਪਤਨੀ ਸਿਆਣੀ ਅਤੇ ਮੇਹਨਤੀ ਅਤੇ ਉਹਨਾਂ ਦੀ ਨੂੰਹ ਰਾਣੋ ਸਾਦਗੀ, ਚੰਗੀ ਦਿਲ ਦੀ ਮਾਲਕ ਅਤੇ ਮੇਹਨਤੀ ਵੀ ਸੀ। ਘਰ ਵਿਚ ਬੰਤੇ ਦਾ ਬੁੱਢਾ ਪਿਉ ਹੀ ਵੇਹਲਾ ਪਰ ਬੀਮਾਰ ਰਹਿੰਦਾ ਸੀ।

ਬੰਤੇ ਕੋਲ ਕਈ ਗਾਵਾਂ ਅਤੇ ਮਝਾਂ, 3 ਘੋੜੇ ਅਤੇ 20 ਭੇਡਾਂ ਸਨ। ਆਦਮੀ ਖੇਤਾਂ ਵਿਚ ਅਤੇ ਔਰਤਾਂ ਘਰ ਦਾ ਕੰਮ ਅਤੇ ਥੋੜ੍ਹਾ ਖੇਤੀ ਦਾ ਵੀ ਕੰਮ ਵੀ ਕਰਦੀਆਂ। ਉਹਨਾਂ ਦੀ ਜ਼ਿੰਦਗੀ ਮਜ਼ੇ ਨਾਲ ਲੰਘ ਰਹੀ ਸੀ। ਬੰਤੇ ਦਾ ਗੁਆਂਢੀ ਜਗੀਰ ਸੀ। ਦੋਵੇ ਗੁਆਡੀ ਮਿਲ ਕੇ ਰਿਹੰਦੇ ਅਤੇ ਆਪਸ ਵਿਚ ਬੜਾ ਮਿਲਵਰਤਨ ਸੀ ਉਹਨਾ ਦਾ। ਦੋਨਾਂ ਟਬਰਾਂ ਵਿਚ ਇਤਫਾਕ ਸੀ ਅਤੇ ਸ਼ਕ ਦਾ ਪਰਛਾਂਵਾ ਤਕ ਨਹੀਂ ਸੀ। ਉਹਨਾਂ ਦੋਨਾਂ ਕੋਲ ਸੌ-ਸੌ ਕਿਲੇ ਜ਼ਮੀਨ ਸੀ। ਉਹਨਾਂ ਦੀਆਂ ਪਹਿਲੀਆਂ ਕਈ ਪੁਸ਼ਤਾਂ ਇਤਫਾਕ ਨਾਲ ਰਹਿੰਦੀਆਂ ਆਈਆਂ ਸਨ।

ਬਦਿਕਸਮਤੀ ਨਾਲ ਇਹਨਾਂ ਦੋਨਾਂ ਟਬਰਾਂ ਦਾ ਬੜੀ ਛੋਟੀ ਗਲੋ ਝਗੜਾ ਸ਼ੁਰੂ ਹੋ ਗਿਆ।

ਰਾਣੋ ਨੂੰਹ ਰਾਣੀ ਦੀ ਇਕ ਕੁਕੜੀ ਸੀ ਜੋ ਰੋਜ਼ ਅੰਡਾ ਦਿੰਦੀ। ਇਕ ਦਿਨ ਬੱਚਿਆਂ ਨੇ ਕੁਕੜੀ ਨੂੰ ਡਰਾ ਕੇ ਜਗੀਰ ਗੁਆਂਢੀ ਦੇ ਘਰ ਦੌੜਾਅ ਦਿੱਤਾ ਅਤੇ ਕੁਕੜੀ ਨੇ ਉਸੇ ਘਰ ਅੰਡਾ ਦਿੱਤਾ। ਰਾਣੋ ਨੂੰ ਅਪਣੇ ਘਰ ਜਿਥੇ ਰੋਜ਼ ਕੁਕੜੀ ਬੈਠਦੀ ਸੀ ਅੰਡਾ ਨਾ ਮਿਲਆ। ਰਾਣੋ ਦੇ ਦਿਉਰ ਨੇ ਕਿਹਾ ਕੇ ਅਜ ਕੁਕੜੀ ਗੁਆਂਢੀਆਂ ਘਰ ਆਂਡਾ ਦੇ ਆਈ ਹੈ। ਰਾਣੋ ਗੁਆਂਢ ਗਈ ਅਤੇ ਉਸ ਘਰ ਦੀ ਬਜ਼ੁਰਗ ਔਰਤ ਕੋਲੂੰ ਆਂਡਾ ਮੰਗਿਆ ਪਰ ਉਹ ਬਜ਼ੁਰਗ ਦਾਦੀ ਰੁਖੀ ਬੋਲੀ, ਅਸੀਂ ਤੁਹਾਡੀ ਕੁਕੜੀ ਦੇ ਅੰਡੇ ਨੂੰ ਕੀ ਕਰਨਾ ਹੈ; ਸੁਖ ਨਾਲ ਸਾਡੇ ਕੋਲ ਅਪਨੀਆਂ ਕਈ ਕੁਕੜੀਆਂ ਹਨ। ਅਗੋਂ ਜਵਾਨ ਰਾਣੋ ਵੀ ਗੁਸੇ ਵਿਚ ਹੀ ਬੋਲੀ। ਬੋਲ ਕੁਬੋਲ ਵਧਦੇ ਗਏ। ਰਾਣੋ ਦੀ ਸੱਸ ਅਤੇ ਰਾਣੋ ਦੇ ਘਰ ਦੀਆਂ ਹੋਰ ਔਰਤਾਂ ਨੇ ਵੀ ਲੜਾਈ ਗੁਆਂਢੀਆਂ ਨਾਲ ਸ਼ੁਰੂ ਕਰ ਦਿੱਤੀ। ਸਾਰੀਆਂ ਨੇ ਕਈ ਕਮੀਨੇ ਮੇਹਣੇ ਇਕ ਦੂਸਰੇ ਦੇ ਟਬਰ ਨੂੰ ਮਾਰੇ। ਔਰਤਾਂ ਨੇ ਘਨੌਣੀਆਂ ਗਾਲਾਂ ਇਕ ਦੂਸਰੇ ਦੇ ਪਰਿਵਾਰ ਨੂੰ ਕਹੀਆਂ। ਲੜਾਈ ਬੜੀ ਵਧ ਗਈ।

ਤੂੰ ਚੋਰਨੀ ਹੈਂ, ਤੂੰ ਕਮੀਨੀ ਹੈ, ਤੁਸੀ ਗੰਦੇ ਲੋਕ ਹੋ, ਤੂੰ ਬਦ-ਚਲਣ ਹੈਂ ਅਤੇ ਕੰਮਜਾਤ ਹੈਂ, ਤੂੰ ਮੇਰੀ ਛਾਲਣੀ ਅਜੇ ਤਕ ਵਾਪਸ ਨਹੀਂ ਕੀਤੀ ਹੈ, ਤੁਸੀ ਨੀਚ ਹੋ, ਸਾਡੀ ਤਕੜੀ ਤੋੜ ਦਿੱਤੀ ਹੈ, ਤੁਸੀਂ ਬੇ-ਸ਼ਰਮ ਲੋਕ ਹੋ ਵਗੈਰਾ ਮੇਹਿਣਆਂ ਦੀ ਝੜੀ ਲਗਾ ਦਿੱਤੀ ਦੋਵਾਂ ਪਰਿਵਾਰਾਂ ਦੀਆਂ ਸਭ ਛੋਟੀਆਂ ਤੇ ਬਜ਼ੁਰਗ ਔਰਤਾਂ ਨੇ। ਉਹਨਾਂ ਇਕ ਦੂਜੇ ਦੇ ਕੱਪੜੇ ਵੀ ਪਾੜੇ। ਬੰਤਾ ਅਤੇ ਉਹਦੇ ਲੜਕੇ ਵੀ ਲੜਾਈ ਵਿਚ ਆ ਕੁਦੇ ਅਤੇ ਜਗੀਰ ਦੇ ਟਬਰ ਦੇ ਬੰਦੇ ਵੀ ਪਿਛੇ ਨਾ ਰਹੇ। ਬੜਾ ਭੈੜਾ ਝਗੜਾ ਹੋਇਆ। ਬੰਤਾ ਤਗੜਾ ਸੀ ਉਸ ਨੇ ਤੇ ਜਗੀਰ ਦੀ ਦਾੜ੍ਹੀ ਵੀ ਪੁਟ ਸੁਟੀ।

ਪਿੰਡ ਦੇ ਕਈ ਲੋਕ ਇਕੱਠੇ ਹੋ ਗਏ ਅਤੇ ਉਹਨਾਂ ਨੂੰ ਬੜੀ ਮੁਸ਼ਕਲ ਨਾਲ ਲੜਣ ਤੋ ਰੋਕਿਆ।

ਦੋਨਾਂ ਪਰਿਵਾਰਾਂ ਦੇ ਵੈਰ ਦੀ ਇਹ ਸ਼ੁਰੂਆਤ ਸੀ।

ਜਗੀਰ ਅਪਨੀ ਪੁਟੀ ਹੋਈ ਦਾੜ੍ਹੀ ਨੂੰ ਇਕ ਕਾਗਜ ਵਿਚ ਲਪੇਟ ਕੇ ਕਚੈਹਰੀ ਵਿਚ ਲੈ ਗਿਆ। ਬੰਤੇ ਦੇ ਬੁੱਡੇ ਬੀਮਾਰ ਬਾਪ ਨੇ ਦੋਵਾਂ ਪਰਵਾਰਾਂ ਨੂੰ ਸਮਝਾਇਆ, ਹਥ ਜੋੜੇ ਅਤੇ ਬੜੇ ਤਰਲੇ ਵੀ ਕੀਤੇ ਕਿ ਉਹ ਵੈਰ ਨਾ ਵਧਾਉਣ ਅਤੇ ਸੁਲਾਹ ਕਰਕੇ ਮਿਲ ਕੇ ਰਿਹਣ ਪਰ ਉਸਦੀ ਕਿਸੇ ਨੇ ਨਾ ਸੁਣੀ। ਉਸਨੇ ਕਿਹਾ ਕਿ ਅੰਡਾ ਕੀ ਹੈ ਪਰ ਰਾਣੋ ਬੋਲੀ ਉਨਾਂ ਨੇ ਦਾਦਾ ਜੀ ਮੈਨੂੰ ਗੰਦੀਆਂ ਗਾਲਾਂ ਵੀ ਕਢੀਆਂ ਹਨ।

ਜਗੀਰ ਆਪਨੀ ਪੁਟੀ ਹੋਈ ਦਾੜ੍ਹੀ ਨੂੰ ਕਚਿਹਰੀ ਲੈ ਗਿਆ ਅਤੇ ਬੰਤੇ ਦੇ ਵਿਰੁਧ ਕੇਸ ਕਰ ਦਿਤਾ। ਬੰਤਾ ਦੇ ਬੁਢੇ ਪਿਉ ਨੇ ਦੋਵਾਂ ਪਰਿਵਾਰਾਂ ਦੇ ਅਗੇ ਫਿਰ ਹਾੜ੍ਹੇ ਕਢੇ ਕਿ ਲੜਾਈ ਨੂੰ ਹੋਰ ਨਾ ਵਧਾਉਣ ਅਤੇ ਪਿਆਰ ਨਾਲ ਰਹਿਣ। ਦੇਖੋ ਇਕ ਅੰਡੇ ਤੋਂ ਕਿਥੇ ਗਲ ਪਹੁੰਚ ਗਈ ਹੈ; ਰਬ ਦੇ ਵਾਸਤੇ ਅਮਨ ਅਤੇ ਸ਼ਾਂਤੀ ਵਿਚ ਰਹੋ। ਪਰ ਉਸਦੀ ਕਿਸੇ ਨੇ ਨਾ ਸੁਣੀ।

ਦੋਨਾ ਪਰਿਵਾਰਾਂ ਦੇ ਜਵਾਨ ਮੁੰਡੇ ਤਾਂ ਹੋਰ ਆਕੜ ਗਏ ਕਹਿਣ ਅਸੀਂ ਨਹੀਂ ਮੁੜਨਾ; ਸਾਡੇ ਗੁਆਂਢੀ ਬੜੇ ਕਮੀਨੇ, ਹੰਕਾਰੀ ਅਤੇ ਬੇਹਯਾਅ ਲੋਕ ਹਨ। ਅਸੀਂ ਤੇ ਬਦਲਾ ਲੈ ਕੇ ਛਡਾਂਗੇ। ਬੰਤੇ ਦੇ ਬਜ਼ੁਰਗ ਬਾਪ ਨੇ ਕਿਹਾ ਕਿ ਇਕ ਦੂਜੇ ਤੋਂ ਮੁਆਫੀ ਮੰਗ ਲਵੋ ਤੇ ਝਗੜਾ ਨਿਬੇੜੋ। ਅਸੀਂ ਦੋਵੇ ਪਰਿਵਾਰ ਕਈ ਪੀੜ੍ਹੀਆਂ ਤੋ ਆਪਸ ਵਿਚ ਭਰਾਵਾਂ ਦੀ ਤਰ੍ਹਾਂ ਰਹਿ ਰਹੇ ਹਾਂ। ਪਰ ਉਸ ਦੀ ਗਲ ਦਾ ਫਿਰ ਵੀ ਕਿਸੇ ਤੇ ਅਸਰ ਨਾ ਹੋਇਆ। ਜਵਾਨ ਮੁੰਡੇ ਆਖਣ ਕੇ ਬਜ਼ੁਰਗ ਪੁਰਾਣੇ ਖਿਆਲਾਂ ਦਾ ਹੈ।

ਉਲਟਾ ਬੰਤਾ ਪੰਚਾਇਤ ਕੋਲ ਗਿਆ ਕਿ ਜਗੀਰ ਨੇ ਆਪੇ ਅਪਨੀ ਦਾੜ੍ਹੀ ਪੁਟ ਕੇ ਮੈਨੂੰ ਬਦਨਾਮ ਕਰਨ ਦੀ ਕੋਸ਼ਿਸ ਕੀਤੀ ਹੈ। ਜਦੋਂ ਉਹਦੀ ਗਲ ਪੰਚਾਇਤ ਨੇ ਨਾ ਸੁਣੀ ਤਾਂ ਉਸਨੇ ਜਗੀਰ ਦੇ ਵਿਰੁਧ ਉਲਟਾ ਕੇਸ ਕਚੈਹਰੀ ਵਿਚ ਦਰਜ ਕਰਾ ਦਿੱਤਾ ਕਿ ਜਗੀਰ ਨੇ ਆਪ ਅਪਨੀ ਦਾੜ੍ਹੀ ਪੁਟੀ ਹੈ।

ਜਗੀਰ ਦਾ ਪਰਿਵਾਰ ਵੀ ਕਿਹੜਾ ਘਟ ਸੀ। ਉਹਨਾਂ ਨੇ ਬੰਤਾ ਦੇ ਮੁੰਡੇ ਤੇ ਝੂਠਾ ਦੂਸ਼ਨ ਜੜ ਦਿੱਤਾ। ਉਹਨਾਂ ਨੇ ਪਿੰਡ ਵਾਲਿਆਂ ਨੂੰ ਕਿਹਾ ਕਿ ਬੰਤੇ ਦੇ ਮੁੰਡੇ ਨੂੰ ਰਾਤ ਵੇਲੇ ਉਹਨਾ ਦੀ ਟਰਾਲੀ ਦਾ ਕੁੰਡਾ ਲਾਹਦੇ ਹੋਏ ਵੇਖਿਆ ਹੈ। ਜਗੀਰ ਦੇ ਕਿਸੇ ਹਮਾਇਤ ਨੇ ਕਹਿ ਦਿੱਤਾ ਕੇ ਉਸਨੇ ਬੰਤੇ ਦੇ ਮੁੰਡੇ ਨੂੰ ਕਬਾੜੀਏ ਦੀ ਦੁਕਾਨ ਤੇ ਕੁੰਡਾ ਵੇਚਦੇ ਹੋਏ ਵੇਖਿਆ ਹੈ। ਜਗੀਰ ਨੇ ਕਚੈਹਰੀ ਵਿਚ ਉਸਨੂੰ ਬਦਨਾਮ ਕਰਨ ਦਾ ਕੇਸ ਬੰਤੇ ਤੇ ਕਰ ਦਿੱਤਾ।

ਦੋਵੇਂ ਪਰਿਵਾਰ ਮੁਕੱਦਮਿਆਂ ਵਿਚ ਉਲਝ ਗਏ। ਔਰਤਾਂ ਹੱਥੋਂ ਪਾਈ ਕਰਨ ਲਗ ਪਈਆਂ ਅਤੇ ਛੋਟੇ ਬੱਚੇ ਵੱਡਿਆਂ ਦੀ ਰੀਸ ਕਰਦੇ ਹੋਏ ਐਵੇਂ ਆਪਸ ਵਿਚ ਰੋਜ਼ ਲੜਦੇ ਅਤੇ ਫਿਰ ਇਕੱਠੇ ਖੇਡਦੇ ਵੀ।

ਇਥੇ ਹੀ ਬਸ ਨਾ ਹੋਈ। ਬੰਤੇ ਅਤੇ ਜਗੀਰ ਦੇ ਪਰੀਵਾਰਾਂ ਨੇ ਇਕ ਦੂਸਰੇ ਦੀਆਂ ਚੀਜ਼ਾਂ ਚੁਰਾਣੀਆਂ ਸ਼ੁਰੂ ਕਰ ਦਿੱਤੀਆਂ। ਉਹਨਾਂ ਨੂੰ ਅਪਨੀਆਂ ਚੀਜ਼ਾਂ ਨਾ ਲਭਦੀਆਂ। ਬੱਚਿਆਂ ਨੇ ਵੀ ਚੋਰੀ ਸ਼ੁਰੂ ਕਰ ਦਿੱਤੀ ਜ਼ਿੰਦਗੀ ਬੜੀ ਬੋਝਲ ਬਣ ਗਈ। ਇਕ ਵਾਰੀ ਜਗੀਰ ਨੇ ਬੰਤੇ ਨੂੰ ਪੰਚਾਇਤ ਵੱਲੋਂ ਭਾਰੀ ਜ਼ੁਰਮਾਨਾ ਕਰਾ ਦਿੱਤਾ ਅਤੇ ਨਾ-ਭਰਨ ਦੇ ਬਦਲੇ ਪੰਚਾਇਤੀ ਘਰ ਵਿਚ

ਕਈ ਦਿਨਾਂ ਲਈ ਡਕਵਾ ਦਿੱਤਾ।

ਬੰਤੇ ਅਤੇ ਜਗੀਰ ਨੇ ਆਖਰ ਅਪਨੀਆਂ ਮੁਸ਼ਕਲਾਂ ਨੂੰ ਪੰਚਾਇਤ ਅਤੇ ਫਿਰ ਕਚੈਹਰੀ ਵਿਚ ਪੇਸ਼ ਕੀਤੀਆਂ। ਕਦੀ ਬੰਤਾ ਅਤੇ ਕਦੇ ਜਗੀਰ ਇਕ ਦੂਜੇ ਨੂੰ ਸਜ਼ਾ ਅਤੇ ਦੰਡ ਕਰਾਉਣ ਵਿਚ ਕਾਮਯਾਬ ਹੁੰਦੇ ਰਹੇ¢ਇਹ ਸਿਲਿਸਲਾ ਚਲਦਾ ਰਿਹਾ। ਇਕ ਦੂਜੇ ਨੂੰ ਨੁਕਸਾਨ ਪਹੁੰਚਾ ਕੇ ਖ਼ੁਸ਼ ਹੁੰਦੇ ਅਤੇ ਪਾਗਲਾ ਵਾਂਗ ਇਸ ਤਰ੍ਹਾਂ ਕਰਦੇ ਚਲੇ ਗਏ। ਬਦਲਾ ਲੈਣ ਦੀ ਭਾਵਣਾ ਵਧਦੀ ਗਈ। ਉਹਨਾਂ ਦੇ ਦਿਲਾਂ ਵਿਚ ਨਰਮੀ ਨਾ ਆਈ।

'ਕੋਈ ਗਲ ਨਹੀਂ' ਵਾਲਾ ਦੌਰ ਇਸ ਤਰ੍ਹਾਂ ਛੇ ਸਾਲ ਚਲਦਾ ਗਿਆ।

ਬੰਤੇ ਦਾ ਬੁਢਾ ਬਾਪ ਦੋਵਾਂ ਪਰਿਵਾਰਾਂ ਨੂੰ ਲਗਾਤਾਰ ਸਮਝਾਂਦਾ ਰਿਹਾ ਕਿ ਇਹ ਵੀ ਬੱਚਿਉ ਕੋਈ ਜੀਉਣਾ ਹੈ। ਕੀ ਤੁਸੀਂ ਝਗੜੇ ਦੀ ਬਜਾਏ ਆਪਨੇ ਕੰਮਾਂ ਵਿਚ ਰੁਚੀ ਨਹੀਂ ਲਗਾ ਸਕਦੇ ਹੋ? ਗੁਆਂਡੀ ਨਾਲ ਕਰੋਧ ਘਟਾਓ; ਤੁਸੀ ਆਪਨੀਆਂ ਜ਼ਿੰਦਗੀਆਂ ਨੂੰ ਕਰੂਪ ਬਣਾ ਦਿਤਾ ਹੈ।

ਫਿਰ ਬੁੱਢੇ ਬਾਪ ਦੀ ਨਸੀਹਤ ਰੱਦ ਹੁੰਦੀ ਰਹੀ ਅਤੇ ਕਿਸੇ ਦੇ ਕੰਨ ਤੇ ਜੂੰ ਤਕ ਨਾ ਸਰਕੀ।

ਸਤਵੇਂ ਸਾਲ ਦੇ ਸ਼ੁਰੂ ਵਿਚ ਦੀ ਗਲ ਹੈ ਇਕ ਪਿੰਡ ਦੇ ਇਕ ਿ ਵਆਹ ਵਿਚ ਬੰਤੇ ਦੀ ਨੂੰਹ ਨੇ ਕਿਹਾ ਕਿ ਜਗੀਰ ਦੇ ਕਿਸੇ ਜੀਅ ਨੇ ਇਕ ਗਾਂ ਚੋਰੀ ਕਰ ਕੇ ਲਿਆਂਦੀ ਹੈ। ਜਗੀਰ ਵੀ ਉਸੇ ਵਿਆਹ ਵਿਚ ਸੀ ਅਤੇ ਉਸ ਨੇ ਸ਼ਰਾਬ ਪੀਤੀ ਹੋਈ ਸੀ। ਜਗੀਰ ਨੇ ਬੰਤੇ ਦੀ ਨੂੰਹ ਨੂੰ ਚੰਗਾ ਕੁੱਟਿਆ। ਬੰਤੇ ਦੀ ਨੂੰਹ ਮਾਂ ਬਨਣ ਵਾਲੀ ਸੀ। ਭਲੇ ਨੂੰ ਉਸ ਨੂੰ ਕੋਈ ਐਸੀ ਸਟ ਨਾ ਲਗੀ ਅਤੇ ਉਹ ਸਹੀ ਸਲਾਮਤ ਰਹੀ। ਬੜਾ ਕੁਝ ਭੈੜਾ ਹੋ ਸਕਦਾ ਸੀ। ਬੰਤੇ ਨੇ ਸੋਚਿਆ ਕਿ ਮੌਕਾ ਹੈ ਜਗੀਰ ਨੂੰ ਜ਼ਿਲ੍ਹਾ ਅਦਾਲਤ ਵਿਚ ਘੜੀਸਨ ਦਾ¢ਜ਼ਿਲ੍ਹਾ ਜ਼ੱਜ ਨੇ ਮੁਕਦਮਾ ਸੁਣਿਆ। ਕਈ ਹਫਤੇ ਮੁਕਦਮਾ ਚਲਦਾ ਰਿਹਾ। ਜ਼ਿਲ੍ਹਾ ਜ਼ੱਜ ਹੋਣ ਤੋਂ ਇਲਾਵਾ ਉਹ ਬੜਾ ਚੰਗਾ ਇਨਸਾਨ ਵੀ ਜਾਣਿਆ ਜਾਂਦਾ ਸੀ। ਉਸ ਨੇ ਬੰਤੇ ਅਤੇ ਜਗੀਰ ਨੂੰ ਕਿਹਾ ਕਿ ਉਹ ਦੋਵੇਂ ਜਣੇ ਇਕ ਹਫਤੇ ਬਾਦ ਫੈਸਲਾ ਸੁਣਨ ਲਈ ਕਚੈਹਰੀ ਵਿਚ ਫਿਰ ਹਾਜ਼ਰ ਹੋਣ। ਹਫਤੇ ਬਾਦ ਉਹ ਕਚੈਹਰੀ ਗਏ। ਚੰਗੇ ਜ਼ਜ ਨੇ ਦੋਨਾਂ ਗੁਆਂਡੀਆਂ ਨੂੰ ਕਿਹਾ ਕਿ, "ਉਸ ਨੇ ਸਭ ਗੁਆਈਆਂ ਸੁਣੀਆਂ ਹਨ। ਛੋਟੀਆਂ-ਛੋਟੀਆਂ ਲਾਗਤ ਬਾਜੀਆਂ ਦੀ ਹਰ ਗਲ ਤੋਂ ਲੈ ਕੇ ਨੂੰਹ ਦੀ ਮਾਰ ਕੁਟਾਈ ਤਕ ਫਾਈਲ ਤਿਆਰ ਹੋ ਗਈ ਹੈ। ਜੇ ਤੁਸੀਂ ਮਿਲ ਕੇ ਨਾ ਰਹੇ ਤਾਂ ਬੜਾ ਕੁਝ ਬੁਰਾ ਕਰ ਬੈਠੋਗੇ ਇਕ ਦੂਜੇ ਦਾ। ਮੈਂ ਤੁਹਾਨੂੰ ਸਖਤ ਚਿਤਾਵਨੀ ਨਾਲ ਕਹਿੰਦਾ ਹਾਂ ਕਿ ਤੁਸੀਂ ਅਪਨੇ ਪਿੰਡ ਜਾਉ ਅਤੇ ਆਪਸ ਵਿਚ ਸੁਲਾਹ ਸਫਾਈ ਕਰ ਲਵੋ। ਮੈਂ ਮੁਕਦਮਾ ਬੰਦ ਕਰਦਾ ਹਾਂ। ਪਰ ਯਾਦ ੱਰਖਿਉ ਜੇ ਫਿਰ ਕਦੀ ਹੋਰ ਤੁਹਾਡਾ ਝਗੜਾ ਮੇਰੇ ਕੋਲ ਆਇਆ ਤਾਂ ਇਸ ਪੂਰੀ ਫਾਈਲ ਨੂੰ ਵੀ ਨਵੇਂ ਕੇਸ ਨਾਲ ਨੱਥੀ ਕਰਾਂਗਾ। ਮੈਂ ਕਾਨੂੰਨ ਵਿਚ ਰਹਿ ਕੇ ਤੁਹਾਨੂੰ ਕਈ ਸਾਲਾਂ ਦੀ ਸਜ਼ਾ ਵੀ ਸੁਣਾ ਸਕਦਾ ਹਾਂ। ਸਜ਼ਾ ਕਿਸੇ ਨੂੰ ਘਟ ਅਤੇ ਕਿਸੇ ਨੂੰ ਜ਼ਿਆਦਾ ਹੋ ਸਕਦੀ ਹੈ।

ਬੰਤਾ ਨਿਰਾਸ਼ ਹੋਇਆ ਪਰ ਉਸਨੇ ਪਿੰਡ ਆ ਕੇ ਪੰਚਾਇਤ ਸਾਹਮਣੇ ਸਾਰੀ ਗਲ ਰੱਖ ਦਿੱਤੀ। ਪੰਚਾਇਤ ਨੇ ਜਗੀਰ ਨੂੰ ਪੰਜ ਜੁਤੀਆਂ ਪਿੰਡ ਦੇ ਵਡੇ ਚੌਂਕ ਵਿਚ ਮਾਰਣ ਦੀ ਸਜ਼ਾ ਸੁਣਾਈ। ਜਗੀਰ ਨੇ ਸਜ਼ਾ ਸੁਣੀ ਤੇ ਬੜੀ ਨਮੋਸ਼ੀ ਮਹਿਸੂਸ ਕੀਤੀ। ਸਜ਼ਾ ਸੁਣਦਿਆਂ ਜਗੀਰ ਦੇ ਚੇਹਰੇ ਦਾ ਰੰਗ ਬਹੁਤ ਚਿੱਟਾ ਪੈ ਗਿਆ। ਬੰਤੇ ਨੇ ਸੋਚਆ ਕਿ ਜੇ ਉਹਦੇ ਨਾਲ ਇਸ ਤਰ੍ਹਾਂ ਹੋਵੇ ਤਾਂ ਉਸਦਾ ਵੀ ਰੰਗ ਚਿੱਟਾ ਪੈ ਜਾਂਦਾ ਅਤੇ ਉਹ ਤਾਂ ਬਰਦਾਸ਼ਤ ਵੀ ਨਹੀਂ ਕਰ ਸਕੇਗਾ। ਉਸ ਨੂੰ ਅਪਨਾ-ਆਪ ਭੈੜਾ ਲਗਾ।

ਵਾਪਸ ਘਰ ਅੰਦਰ ਵੜਦਿਆਂ ਜਗੀਰ ਗੁਸੇ ਵਿਚ ਬੁੜ-ਬੜਾਇਆ ਕਿ ਮੈਂ ਬੰਤੇ ਦੇ ਘਰ ਨੂੰ ਅੱਗ ਲਗਾ ਦਿਆਂਗਾ। ਬੰਤੇ ਨੇ ਇਹ ਗਲ ਸੁਣ ਲਈ।

ਬੰਤਾ ਫਟਾ-ਫਟ ਪੰਚਾਇਤ-ਘਰ ਗਿਆ। ਸਰਪੰਚ ਅਤੇ ਸਾਰੇ ਪੰਚਾਇਤ ਮੈਂਬਰ ਆਪਣਿਆਂ ਘਰਾਂ ਨੂੰ ਜਾਣ ਹੀ ਲਗੇ ਸਨ ਕਿ ਬੰਤੇ ਨੇ ਕਿਹਾ ਕਿ ਜਗੀਰ ਕਹਿ ਰਿਹਾ ਹੈ ਕਿ ਉਹ ਮੇਰੇ ਘਰ ਨੂੰ ਅੱਗ ਲਾ ਦੇਵੇਗਾ। ਪੰਚਾਇਤ ਨੇ ਚੌਂਕੀਦਾਰ ਭੇਜ ਕੇ ਜਗੀਰ ਨੂੰ ਬੁਲਾ ਲਿਆ ਅਤੇ ਪੁੱਛਿਆ ਕਿ ਤੂੰ ਬੰਤੇ ਦੇ ਘਰ ਨੂੰ ਅਗ ਲਗਾਉਣ ਬਾਰੇ ਕਿਹਾ ਹੈ।

ਜਗੀਰ ਬੋਲਿਆ, ਜੋ ਵੀ ਗਲ ਬੰਤਾ ਕਹੇਗਾ ਤੁਸੀਂ ਮੰਨ ਜਾਵੋਗੇ। ਮੈਂ ਕੋਈ ਐਸੀ ਗਲ ਨਹੀਂ ਕਹੀ। ਜਗੀਰ ਹੋਰ ਵੀ ਬੋਲਣਾ ਚਾਹੁੰਦਾ ਸੀ ਪਰ ਗੁਸੇ ਨਾਲ ਉਸ ਦੇ ਬੁਲ ਕੰਬਣ ਲਗ ਪਏ। ਉਹ ਚੁਪ ਹੋ ਗਿਆ ਅਤੇ ਉਸਨੇ ਆਪਨਾ ਮੂੰਹ ਕੰਧ ਵਲ ਕਰ ਲਿਆ।

ਇਹ ਦ੍ਰਿਸ਼ ਬੜਾ ਪੀੜਾ ਭਰਿਆ ਸੀ। ਸਰਪੰਚ ਅਤੇ ਬਾਕੀ ਸਾਰੇ ਮੈਂਬਰਾਂ ਦੇ ਦਿਲ ਪਿਘਲ ਗਏ¢ਇਕ ਬੁਢੇ ਮੈਂਬਰ ਨੇ ਕਿਹਾ ਕਿ ਜਗੀਰ ਦੀ ਚੁਪ ਦਰਦ ਭਰੀ ਹੈ ਅਤੇ ਜਗੀਰ ਅਪਨੇ ਗੁਆਂਡੀ ਅਤੇ ਅਪਨੇ ਆਪ ਨੂੰ ਘਾਤਕ ਚੋਟ ਪਹੁੰਚਾ ਸਕਦਾ ਹੈ। ਜਗੀਰ ਅਤੇ ਬੰਤੇ ਨਾਲ ਕਾਫੀ ਲੋਕ ਆਏ ਸਨ। ਸਰਪੰਚ ਨੇ ਕਿਹਾ, ਸਾਰੇ ਜਣੇ ਬੈਠ ਜਾਉ। ਅਸੀਂ ਫੈਸਲਾ ਬਦਲਣਾ ਚਾਹੁੰਦੇ ਹਾਂ। ਸਰਪੰਚ ਅਤੇ ਮੈਂਬਰਾਂ ਨੇ ਆਪਸ ਵਿਚ ਗਲ ਬਾਤ ਕੀਤੀ ਅਤੇ ਸਰਪੰਚ ਬੋਲਿਆ, ਸਾਡਾ ਨਵਾਂ ਫੈਸਲਾ ਇਹ ਹੈ; ਭਰਾ ਜਗੀਰ! ਤੂੰ ਇਕ ਔਰਤ, ਜਿਸ ਨੂੰ ਬੱਚਾ ਹੋਣ ਵਾਲਾ ਹੈ, ਨੂੰ ਮਾਰਿਆ ਹੈ, ਸੋ ਗਲਤ ਹੈ। ਭਰਾ ਬੰਤਾ ਅਤੇ ਜਗੀਰ ਤੁਹਾਨੂੰ ਇਸ ਤਰ੍ਹਾਂ ਰਹਿਣ ਨਾਲ ਭਾਰੀ ਨੁਕਸਾਨ ਹੈ। ਜਗੀਰ ਤੂੰ ਘਰ ਜਾ ਅਤੇ ਬੰਤੇ ਨਾਲ ਦੋਸਤੀ ਕਰ ਲੈ। ਮੈਨੂੰ ਪੂਰਾ ਯਕੀਨ ਹੈ ਕਿ ਬੰਤਾ ਤੈਨੂੰ ਮੁਆਫ ਕਰ ਦੇਵੇਗਾ।

ਪੰਚਾਇਤ ਸਕੱਤਰ ਬੋਲਿਆ ਕਿ ਪੰਚਾਇਤੀ ਕਨੂੰਨ ਮੁਤਾਬਕ ਇਕ ਵਾਰੀ ਕੀਤਾ ਫੈਸਲਾ ਬਦਲਿਆ ਨਹੀਂ ਜਾ ਸਕਦਾ। ਪਰ ਬੁਢਾ ਮੈਂਬਰ ਬੋਲਿਆ ਕਿ ਅਸੀਂ ਦੋਨਾਂ ਗੁਆਂਢੀਆਂ ਦਰਮਿਆਨ ਸ਼ਾਂਤੀ ਲਿਆਉਣਾ ਚਾਹੁੰਦੇ ਹਾਂ। ਅਸੀਂ ਤੇਰੀ ਗਲ ਨਹੀਂ ਸੁਣਦੇ। ਸਰਪੰਚ ਅਤੇ ਬਾਕੀ ਮੈਂਬਰਾਂ ਨੇ ਬੁਢੇ ਮੈਂਬਰ ਦੀ ਗਲ ਵਿਚ ਹਾਂ ਮਿਲਾਈ। ਇਸ ਨਵੇਂ ਫੈਸਲੇ ਨਾਲ ਦੋਵਾਂ ਗੁਆਂੱਢੀਆਂ ਨੂੰ ਸੁਲਾਹ ਕਰਨ ਦਾ ਮੌਕਾ ਮਿਲ ਗਿਆ।

ਜਗੀਰ ਨੇ ਕਿਹਾ ਕਿ, ਮੈਂ 50 ਸਾਲ ਦਾ ਹੋ ਗਿਆਂ ਹਾਂ। ਮੇਰਾ ਇਕ ਲੜਕਾ ਵਿਆਹਿਆ ਹੈ। ਜਦੋਂ ਦਾ ਮੈਂ ਜੰਮਿਆ ਹਾਂ ਇਹੋ ਜਹੀ ਸਜਾ ਤੋ ਅਣਜਾਨ ਹਾਂ। ਭਾਵੇਂ ਪੰਚਾਇਤ ਨੇ ਫੈਸਲਾ ਵਾਪਸ ਲੈ ਲਿਆ ਹੈ ਪਰ ਬੱਚੇ ਤੋਂ ਲੈ ਕੇ ਵੱਡਿਆਂ ਤਕ ਸਭ ਨੇ ਇਹ ਸਜ਼ਾ ਤੇ ਸੁਣੀ ਹੈ। ਮੈਂ ਮੂੰਹ ਦਿਖਾਉਣ ਦੇ ਕਾਬਲ ਨਹੀਂ ਰਿਹਾ; ਮੇਰੀ ਕਿੱਡੀ ਵੱਡੀ ਹੇਠੀ ਹੈ। ਮੈਂ ਕੀ ਕਰਾਂ; ਐਨੀ ਨਮੋਸ਼ੀ, ਸਾਰੀ ਜ਼ਿੰਦਗੀ ਇੱਜ਼ਤ ਨਾਲ ਗੁਜ਼ਾਰੀ ਹੈ।

ਜਗੀਰ ਦੀ ਆਵਾਜ਼ ਕੰਬ ਰਹੀ ਸੀ। ਉਸ ਨੇ ਬੋਲਣਾ ਬੰਦ ਕੀਤਾ ਅਤੇ ਚੁਪ ਉਥੋਂ ਘਰ ਮੁੜ ਆਇਆ।

ਬੰਤਾ ਵੀ ਉਸ ਦੇ ਬਾਦ ਘਰ ਆ ਗਿਆ। ਉਹ ਇਕੱਲਾ ਬੈਠ ਗਿਆ। ਜਗੀਰ ਨੂੰ ਸਜ਼ਾ ਸੁਨਾਣ ਦੇ ਬਾਦ ਉਸ ਨੂੰ ਜਗੀਰ ਦਾ ਚਿੱਟਾ ਚੇਹਰਾ ਯਾਦ ਆਇਆ। ਕਿਸ ਤਰ੍ਹਾਂ ਉਸ ਨੇ ਮੂੰਹ ਕੰਧ ਵਲ ਕਰ ਲਿਆ ਸੀ ਅਤੇ ਉਸ ਨੇ ਸੋਚਿਆ ਕਿ ਜੇ ਉਸ ਨਾਲ ਇਹ ਘਟਨਾ ਵਾਪਰਦੀ ਤਾਂ ਉਹ ਵੀ ਜਗੀਰ ਦੀ ਤਰ੍ਹਾਂ ਹੀ ਮਹਿਸੂਸ ਕਰਦਾ। ਉਸ ਨੇ ਜਗੀਰ ਦੀ ਪੀੜਾ ਮਹਿਸੂਸ ਕੀਤੀ। ਉਸ ਦਾ ਬੀਮਾਰ ਪਿਉ ਖੰਘਿਆ ਅਤੇ ਬੰਤਾ ਸੋਚ ਵਿਚ ਡੁੱਬ ਗਿਆ ਕਿ ਜਗੀਰ

ਦੀ ਪੀੜਾ ਦਾ ਕਾਰਣ ਉਹ ਹੀ ਹੈ।

ਬੁਢਾ ਪਿਉ ਬੰਤੇ ਕੋਲ ਆ ਕੇ ਬੈਠ ਗਿਆ ਅਤੇ ਉਸ ਨੇ ਪੁੱਛਿਆ ਪੰਚਾਇਤ ਨੇ ਕੀ ਫੈਸਲਾ ਕੀਤਾ ਹੈ। ਬੰਤੇ ਨੇ ਫੈਸਲਾ ਦੱਸਿਆ। ਪੰਚਾਇਤ ਦਾ ਫੈਸਲਾ ਸੁਣ ਕੇ ਬੁਢੇ ਪਿਉ ਨੇ ਅਫਸੋਸ ਨਾਲ ਸਿਰ ਹਿਲਾਇਆ ਅਤੇ ਬੋਲਿਆ, ਮੰਨ ਲਵੋ ਜੇ ਜਗੀਰ ਨੂੰ ਜੁਤੀਆਂ ਮਾਰਣ ਦੀ ਸਜ਼ਾ ਪੂਰੀ ਕੀਤੀ ਜਾਂਦੀ ਤਾਂ ਤੈਨੂੰ ਕੀ ਲਾਭ ਹੋਣਾ ਸੀ।

ਬੰਤਾ: ਇਹ ਕੇ ਹੁਣ ਜਗੀਰ ਕਿਸੇ ਔਰਤ ਨੂੰ ਨਹੀਂ ਮਾਰੇਗਾ।

ਬੁਢਾ ਬੀਮਾਰ ਪਿਉ: ਮੇਰੇ ਪੁਤਰ ਬੰਤੇ! ਜੋ ਤੂੰ ਲਗਾਤਰ ਵੈਰ ਵਧਾ ਰਿਹਾ ਹੈ ਉਹ ਕੀ ਘਟ ਹੈ।

ਪਿਉ ਦੀ ਇਹ ਗਲ ਸੁਣ ਕੇ ਗੁਸੇ ਵਿਚ ਬੰਤਾ ਕਹਿਣ ਲਗਾ, ਮੈਂ ਦਸੋ ਕੀ ਕਰਦਾ। ਜਗੀਰ ਨੇ ਮੇਰੀ ਨੂੰਹ ਨੂੰ ਮਾਰ ਦੇਣ ਦੀ ਕਸਰ ਨਹੀਂ ਛਡੀ। ਅਜੇ ਵੀ ਉਹ ਮੇਰੇ ਘਰ ਨੂੰ ਸਾੜਣ ਦੀ ਧਮਕੀ ਦਿੰਦਾ ਹੈ! ਮੈਂ ਕਿੰਨਾ ਕੂ ਨੀਵਾਂ ਹੋਵਾਂ?

ਬੁਢਾ ਪਿਉ ਡੂੰਘਾ ਹੌਕਾ ਭਰ ਕੇ ਬੋਲਿਆ, ਬੰਤੇ ਤੂੰ ਤਗੜਾ ਹੈ ਅਤੇ ਜਿਥੇ ਚਾਹੇਂ ਆ ਜਾ ਸਕਦਾ ਹੈਂ ਅਤੇ ਮੈਂ ਕਈ ਸਾਲਾਂ ਤੋਂ ਮੰਜੀ ਮਲੀ ਹੋਈ ਹੈ। ਤੂੰ ਸਮਝਦਾ ਹੈ ਕਿ ਤੈਨੂੰ ਸਭ ਕੁਝ ਪਤਾ ਹੈ ਅਤੇ ਮੈਨੂੰ ਕੁਝ ਨਹੀਂ। ਨਹੀਂ! ਤੂੰ ਅਜੇ ਬਚਾ ਹੈਂ; ਤੂੰ ਨਹੀਂ ਜਾਣਦਾ ਕਿ ਤੇਰਾ ਪਾਗਲਪੁਣਾ ਤੈਨੂੰ ਠੀਕ ਨਹੀਂ ਸੋਚਣ ਦਿੰਦਾ। ਤੈਨੂੰ ਦੂਸਰਿਆਂ ਦੀਆਂ ਬੁਰਾਈਆਂ ਨਜ਼ਰ ਆਂਦੀਆ ਹਨ। ਕੀ ਦੁਨੀਆਂ ਵਿਚ ਬੁਰਾਈਆਂ ਸਿਰਫ ਇਕ ਇਨਸਾਨ ਦੇ ਕਾਰਣ ਹਨ? ਨਹੀਂ, ਇਕ ਹਥ ਨਾਲ ਤਾਲੀ ਨਹੀਂ ਵਜਦੀ।

ਬੁਢਾ ਪਿਉ ਰੁਕ ਕੇ ਬੋਲਿਆ, ਜਗੀਰ ਦੀ ਦਾੜੀ ਕਿਸ ਨੇ ਪੁਟੀ ਸੀ? ਉਸ ਦੀ ਰਾਈ ਦੀ ਫਸਲ ਕਿਸ ਨੇ ਬਰਬਾਦ ਕੀਤੀ ਸੀ? ਕਚੈਹਰੀ ਵੀ ਕੌਣ ਪਹਿਲਾਂ ਗਿਆ ਸੀ? ਤੂੰ ਸਾਰਾ ਕਸੂਰ ਜਗੀਰ ਦਾ ਸਮਝਦਾ ਹੈਂ। ਤੇਰਾ ਵਤੀਰਾ ਬਹੁਤ ਭੈੜਾ ਹੈ। ਮੈਂ ਤੇ ਇਸ ਤਰ੍ਹਾਂ ਕਦੀ ਨਹੀਂ ਸੀ ਕੀਤਾ ਅਤੇ ਨਾ ਤੈਨੂੰ ਇਸ ਤਰ੍ਹਾਂ ਕਰਨਾ ਸਿਖਾਇਆ ਸੀ। ਮੈਂ ਜਗੀਰ ਦੇ ਪਿਉ ਨਾਲ ਹਮੇਸ਼ਾ ਸ਼ਾਂਤੀ ਨਾਲ ਰਿਹਾ। ਅਸੀਂ ਹਮੇਸ਼ਾ ਬੜੇ ਚੰਗੇ ਦੋਸਤ ਰਹੇ। ਸਾਨੂੰ ਜੇ ਕਦੇ ਆਟੇ ਦੀ ਵੀ ਲੋੜ ਪੈਂਦੀ ਅਸੀਂ ਬੇਝਿਜਕ ਇਕ ਦੂਸਰੇ ਦੇ ਘਰੋਂ ਲੈ ਆਂਦੇ; ਜੇ ਕੋਈ ਬਾਹਰ ਜਾਂਦਾ ਅਸੀਂ ਅਪਨੇ ਲੜਿਕਆਂ ਨੂੰ ਕਹਿੰਦੇ ਕੇ ਡੰਗਰਾਂ ਦਾ ਖਿਆਲ ਰਖੋ¢ਇਸ ਤਰ੍ਹਾਂ ਅਸੀਂ ਅਪਨੀ ਜ਼ਿੰਦਗੀ ਸੁਖਾਲੀ ਅਤੇ ਪਿਆਰ ਨਾਲ ਗੁਜਾਰੀ। ਪਰ ਤੇਰੀ ਜ਼ਿੰਦਗੀ ਸਾਡੇ ਮੁਕਾਬਲੇ ਕੀ ਹੈ? ਬੰਤੇ ਤੂੰ ਅਤੇ ਜਗੀਰ ਫੌਜੀ ਸਿਪਾਹੀ ਵਾਂਗੂੰ ਲੜਦੇ ਹੋ।

ਬੁਢਾ ਪਿਉ ਬੋਲਦਾ ਗਿਆ, ਤੂੰ ਇਹਨੂੰ ਜੀਣਾ ਕਹਿੰਦਾ ਹੈਂ! ਤੂੰ ਐਸ ਵੇਲੇ ਪਰਿਵਾਰ ਦਾ ਮੁਖੀਆ ਹੈਂ। ਲਗਾਤਾਰ ਗੁਆਂਡੀ ਨਾਲ ਲੜਾਈ ਕਰਕੇ ਤੂੰ ਆਪਨੇ ਘਰ ਦੇ ਪੁਤਰਾਂ ਅਤੇ ਔਰਤਾਂ ਵਾਸਤੇ ਕੀ ਨਮੂਨਾ ਪੇਸ਼ ਕਰ ਰਿਹਾ ਹੈਂ? ਕਲ ਦੀ ਹੀ ਗਲ ਹੈ ਤੇਰਾ ਛੋਟਾ ਪੁਤਰ ਗੁਆਂਡੀਆਂ ਨਾਲ ਅਪਸ਼ਬਦ ਬੋਲ ਰਿਹਾ ਸੀ ਅਤੇ ਤੇਰੀ ਘਰ ਵਾਲੀ ਉਸ ਨੂੰ ਸ਼ਾਬਾਸ਼ ਦੇ ਰਹੀ ਸੀ ਕਿ ਮੇਰਾ ਪੁੱਤਰ ਬੜਾ ਸਮਝਦਾਰ ਹੈ। ਕੀ ਇਹ ਠੀਕ ਹੈ? ਸਭ ਗਲਾਂ ਦਾ ਤੂੰ ਹੀ ਉਤਰਦਾਈ ਹੈਂ। ਸਾਡੇ ਗੁਰੂਆਂ ਨੇ ਅਤੇ ਬਾਬਾ ਫਰੀਦ ਜੀ ਤੇ ਕਹਿੰਦੇ ਸਨ, ਜੇ ਤੁਧ ਮਾਰਨ ਮੁਕੀਆਂ ਤਿੰਨਾਂ ਨਾ ਮਾਰੀ ਘੁੰਮ, ਆਪ ਉਨਾਂ ਦੇ ਘਰ ਜਾਏ ਕੇ ਪੈਰ ਤਿੰਨਾਂ ਦੇ ਚੁੰਮ। ਜ਼ਿੰਦਗੀ ਨੇ ਤੇਰੇ ਕੋਲੋਂ ਹਿਸਾਬ ਮੰਗਨਾ ਹੈ; ਤੂੰ ਅਪਨਾ ਕੁਝ ਸਵਾਰ। ਤੇਰਾ ਖੁਦ ਆਪਾ ਤੈਨੂੰ ਮੁਆਫ ਨਹੀਂ ਕਰੇਗਾ। ਮੇਰੇ ਪੁਤਰ ਬੰਤੇ.. ਅਪਨੀ ਹੌਮੇਹ ਨੂੰ ਅਪਨੇ ਵਸ ਕਰ।

ਬੰਤਾ ਚੁਪ ਰਿਹਾ ਪਰ ਉਹਦੇ ਪਿਉ ਦੇ ਸ਼ਬਦ ਉਸ ਦੇ ਦਿਲ ਨੂੰ ਵਿੰਨ ਗਏ।

ਬੀਮਾਰ ਪਿਉ ਖੰਘਿਆ ਅਤੇ ਫਿਰ ਬੋਲਦਾ ਗਿਆ, ਕੀ ਤੂੰ ਸਮਝਦਾ ਹੈਂ ਸਾਡੇ ਗੁਰੂਆਂ ਨੇ, ਈਸਾ ਮਸੀਹ ਨੇ, ਬੁਧ ਨੇ ਸਾਨੂੰ ਗਲਤ ਸਿਖਾਇਆ ਹੈ? ਕੀ ਉਹਨਾਂ ਦੀਆਂ ਸ਼ਹੀਦੀਆਂ ਸਾਡੇ ਜੀਉਣ ਵਾਸਤੇ ਇਕ ਨਮੂਨਾ ਨਹੀਂ ਹਨ? ਤੂੰ ਹੰਕਾਰ ਵਿਚ ਲਿਪਟ ਹੈਂ; ਕੁਝ ਸੋਚ ਕੀ ਤੇਰੀ ਗੁਆਂਡੀ ਨਾਲ ਲੜਾਈ, ਤੇਰਾ ਕਚੈਹਰੀ ਦਾ ਖਰਚਾ, ਤੇਰਾ ਵਕਤ ਅਤੇ ਤੇਰਾ ਪੈਸਾ ਬਰਬਾਦ ਨਹੀਂ ਹੁੰਦਾ ਹੈ? ਤੂੰ ਕੀ ਖੱਟਿਆ ਹੈ? ਤੇਰੇ ਪੁਤਰ ਜਵਾਨ ਹਨ ਅਤੇ ਤੇਰੀ ਖੇਤੀ ਦੇ ਕੰਮ ਕਰਨ ਦੇ ਯੋਗ ਹੋ ਗਏ ਹਨ। ਕੀ ਤੂੰ ਹੁਣ ਖੁਸ਼ੀ ਨਾਲ ਆਰਾਮ ਦੀ ਜ਼ਿੰਦਗੀ ਨਹੀਂ ਜੀਅ ਸਕਦਾ? ਉਨ੍ਹਾਂ ਦੀ ਮਦਦ ਨਾਲ ਤੂੰ ਅਪਨੇ ਟਬਰ ਦੀ ਖੁਸ਼ਹਾਲੀ ਵਧਾ ਸਕਦਾ ਹੈਂ। ਪਰ ਤੇਰਾ ਧੰਨ ਦੌਲਤ ਵਧਨ ਦੇ ਬਜਾਏ ਘਟ ਰਹੇ ਹਨ। ਇਹ ਕਿਉਂ? ਇਹ ਤੇਰੇ ਘਮੰਡ, ਤੇਰੇ ਗਰੂਰ ਅਤੇ ਤੇਰੀ ਮੂਰਖਤਾ ਕਰਕੇ ਹੈ। ਜਦੋ ਤੈਨੂੰ ਅਤੇ ਤੇਰੇ ਪੁਤਰਾਂ ਨੂੰ ਖੇਤੀ ਦੇ ਕੰਮ ਯਾ ਹਲ ਵਾਹਣੀ ਹੁੰਦੀ ਹੈ ਤੁਹਾਨੂੰ ਕਚੈਹਰੀਆਂ ਵਿਚ ਪੇਸ਼ ਹੋਣਾ ਹੁੰਦਾ ਹੈ। ਜੇ ਤੁਸੀਂ ਸਮੇਂ ਸਿਰ ਬੀਜ ਨਹੀਂ ਬੀਜਿਆ ਤਾਂ ਅਨਾਜ ਤੇ ਘਟ ਪੈਦਾ ਹੋਵੇਗਾ। ਕਿਉਂ ਤੇਰੀ ਕਣਕ ਘਟ ਹੋਈ ਕਿਉਂ ਤੇਰੇ ਚਾਵਲ ਦੀ ਅਧੀ ਫਸਲ ਸੜ ਗਈ ਐਤਕੀਂ ਕਿਉਂ ਤੂੰ ਸਮੇਂ ਸਿਰ ਫਸਲ ਨਹੀਂ ਬੀਜੀ, ਹਲ ਸਮੇਂ ਸਿਰ ਨਹੀਂ ਚਲਾਈ ਅਤੇ ਕੋਈ ਕੰਮ ਵੇਲੇ ਸਿਰ ਨਹੀਂ ਕਰ ਸਕਿਆ। ਕੀ ਤੂੰ ਆਪਨੇ ਗੁਆਂਡੀ ਨਾਲ ਨਹੀਂ ਸੀ ਲੜ ਰਿਹਾ ਬਜਾਏ ਕੇ ਬਾਹਰ ਖੇਤੀ ਦੇ ਕੰਮ ਕਰਦਾ? ਤੂੰ ਹੁਣੇ ਹੀ ਸ਼ਹਿਰ ਤੋਂ ਵਾਪਸ ਆਇਆ ਹੈ ਅਪਨੇ ਗੁਆਂਡੀ ਨੂੰ ਕਚੈਹਰੀ ਵਿਚ ਬੇਆਬਰੂ ਕਰਕੇ। ਹੁਣ ਤੂੰ ਕਮਰ ਕਸੇ ਹੋਏ ਨੇ ਉਹਨੂੰ ਜੇਲ੍ਹ ਕਰਾਉਣ ਦੇ, ਸਾਰਾ ਵਕਤ ਝੁਠੀਆਂ ਗੁਆਂਹੀਆਂ ਇਕੱਠੀਆਂ ਕਰਨਾ ਪੈਸੇ ਦੇ ਦੇ ਕੇ ਭੈੜੇ ਲੋਕਾਂ ਨੂੰ। ਜਗੀਰ ਨੂੰ ਸਜਾ ਦਵਾਉਣ ਦਾ ਨਤੀਜਾ ਕੀ ਹੋਵੇਗਾ; ਸੋਚਿਆ ਹੈ ਕਦੀ? ਤੂੰ ਖੁਦ ਜ਼ਿੰਮੇਵਾਰ ਹੋਵੇਂਗਾ ਉਹ ਮੇਰੇ ਪੁਤਰ। ਤੂੰ ਆਪਨੇ ਪੁਤਰਾਂ ਨੂੰ ਚੰਗੀ ਕਿਸਾਨੀ ਸਮਝਾ, ਉਹਨਾਂ ਨੂੰ ਇਮਾਨਦਾਰ ਇਨਸਾਨ ਬਣਾਂ, ਜੇ ਤੂੰ ਗੁਆਂਡੀ ਤੇ ਹੋਰ ਪਿੰਡ ਦੇ ਲੋਕਾਂ ਨੂੰ ਮੁਆਫ ਕਰੇਗਾ ਤਾਂ ਖੁਸ਼ਹਾਲੀ ਤੇਰੀ ਫਸਲਾਂ ਤੇ ਨਚੇਗੀ ਅਤੇ ਤੇਰੀ ਜ਼ਿੰਦਗੀ ਵਿਚ ਰੌਸ਼ਨੀ ਅਤੇ ਖੁਸ਼ੀ ਤੇਰੇ ਦਿਲ ਨੂੰ ਭਰ ਦੇਣਗੀਆਂ।

ਬੰਤਾ ਅਜੇ ਵੀ ਚੁਪ ਸੀ।

ਬੁਢੇ ਪਿਉ ਨੇ ਬੇਨਤੀ ਭਰੀ ਆਵਾਜ਼ ਵਿਚ ਬੋਲਣਾ ਸ਼ੁਰੂ ਕੀਤਾ, ਇਸ ਬੁਢੇ ਦੀ ਨਸੀਹਤ ਮੰਨ ਲੈ। ਅਜ ਗੁਰੂ ਨਾਨਕ ਸਾਹਿਬ ਦਾ ਜਨਮ ਦਿਹਾੜਾ ਹੈ। ਕਲ ਆਪਨੇ ਘੋੜੇ ਤੇ ਕਚੈਹਰੀ ਜਾ, ਸਾਰੇ ਕੇਸ ਅਤੇ ਸ਼ਿਕਾਇਤਾਂ ਗੁਆਂਡੀ ਦੇ ਖਿਲਾਫ ਵਾਪਸ ਲੈ। ਆ ਕੇ ਉਹਦੇ ਘਰ ਜਾ ਕੇ ਦੋਸਤੀ ਦਾ ਹੱਥ ਮਿਲਾ, ਉਸ ਨੂੰ ਅਪਨੇ ਘਰ ਦਾਹਵਤ ਤੇ ਬੁਲਾ, ਥੋੜ੍ਹੀ ਘਰ ਦੀ ਕਢੀ ਸ਼ਰਾਬ ਇਕੱਠੇ ਪੀਉ, ਦੋਵੇਂ ਇਕ ਦੂਜੇ ਨੂੰ ਪਿਛਲੀਆਂ ਗਲਤੀਆਂ ਬਾਰੇ ਮੁਆਫ ਕਰੋ ਅਤੇ ਅਗੇ ਤੋਂ ਇਕ ਦੂਜੇ ਤੇ ਕੋਈ ਵੀ ਅਪਰਾਧ ਨਾ ਲਗਾਉਣ ਦੀ ਕਸਮ ਖਾਉ ਅਤੇ ਅਪਨੀਆਂ ਘਰ ਦੀਆਂ ਔਰਤਾਂ ਅਤੇ ਬੱਚਿਆਂ ਨੂੰ ਵੀ ਇਹੋ ਪਾਠ ਪੜਾਉ।

ਬੰਤੇ ਨੇ ਸੁਖ ਦਾ ਡੂੰਘਾ ਸਾਹ ਲਿਆ ਅਤੇ ਹਲਕਾ ਮਹਿਸੂਸ ਕੀਤਾ ਅਤੇ ਸੋਚਿਆ ਕਿ ਬੁਢੇ ਪਿਉ ਨੇ ਠੀਕ ਕਿਹਾ ਹੈ। ਪਰ ਉਹਦੇ ਦਿਲ ਵਿਚ ਸੀ ਕਿ ਇਸ ਚੰਗੀ ਮਤ ਨੂੰ ਕਿਸ ਤਰ੍ਹਾਂ ਅਮਲੀ ਜਾਮਾ ਦੇਵਾਂ।

ਬੁਢੇ ਪਿਉ ਨੇ ਬੰਤੇ ਨੂੰ ਕਿਹਾ, ਬੰਤੇ ਕਲ ਜ਼ਰੂਰ ਜਾਈਂ, ਦੇਰ ਨਾ ਕਰੀ ਅਤੇ ਇਸ ਅਗ ਨੂੰ ਬੁਜਾਹ ਦੇ ਛੇਤੀ ਹੀ; ਇਹ ਨਾ ਹੋਵੇ ਕਿ ਇਹ ਅਗ ਵਧ

ਜਾਵੇ ਤੇ ਫਿਰ ਸੰਭਾਲੀ ਨਾ ਜਾ ਸਕੇ।

ਬੁਢਾ ਪਿਉ ਹੋਰ ਵੀ ਕਹਿਣਾ ਚਾਹੁੰਦਾ ਸੀ ਪਰ ਰੁਕ ਗਿਆ ਕਿਉਂਕਿ ਕਈ ਔਰਤਾਂ ਗਪਾਂ ਮਾਰਦੀਆਂ ਘਰ ਆ ਗਈਆਂ ਕਿ ਜੇ ਬੰਤੇ ਨੇ ਸਜਾ ਕਰਵਾ ਦਿਤੀ ਤਾਂ ਜਗੀਰ ਕਹਿ ਰਿਹਾ ਹੈ ਕਿ ਉਹ ਬੰਤੇ ਦਾ ਘਰ ਨੂੰ ਜ਼ਰੂਰ ਅੱਗ ਲਾਅ ਦੇਵੇਗਾ। ਉਹ ਔਰਤਾਂ ਮਨਘਟਤ ਹੋਰ ਕਈ ਗਲਾਂ ਕਰੀ ਜਾ ਰਹੀਆਂ ਸਨ ਕਿ ਪਿੰਡ ਵਾਲੇ ਕਹਿ ਰਹੇ ਹਨ ਕਿ ਬੰਤੇ ਨੇ ਜਗੀਰ ਦਾ ਬਾਗ ਉਜਾੜਣ ਦੀ ਤਰਕੀਬ ਬਣਾ ਲਈ ਹੈ। ਬੰਤਾ ਸਾਰੀਆਂ ਗਲਾ ਨੂੰ ਬੜੇ ਧਿਆਨ ਨਾਲ ਸੁਣ ਰਿਹਾ ਸੀ। ਉਹਨੂੰ ਗੁਸਾ ਫਿਰ ਆ ਗਿਆ ਅਤੇ ਉਹਨੇ ਜਗੀਰ ਨਾਲ ਸੁਲਾਹ ਕਰਨ ਦਾ ਇਰਾਦਾ ਬਦਲ ਲਿਆ।

ਬੰਤਾ ਘਰ ਆਇਆ; ਉਸਦੀ ਨੂੰਹ ਖੜੀ ਤੇ ਕੰਮ ਕਰ ਰਹੀ ਸੀ, ਵਡਾ ਲੜਕਾ ਜੁਤੀਆਂ ਠੀਕ ਕਰ ਰਿਹਾ ਸੀ; ਛੋਟਾ ਲੜਕਾ ਕਿਤਾਬ ਪੜ੍ਹ ਰਿਹਾ ਸੀ ਅਤੇ ਬਜ਼ੁਰਗ ਔਰਤਾਂ ਰਾਤ ਦੀ ਰੋਟੀ ਬਣਾ ਰਹੀਆਂ ਸਨ। ਇਹ ਉਸਨੂੰ ਚੰਗਾ ਲਗਾ ਪਰ ਪੜੋਸੀ ਨਾਲ ਖਟਪਟ ਉਸਨੂੰ ਚੁਬਣ ਲਗੀ। ਉਹ ਚੁਪ-ਚਾਪ ਇਕ ਨੁਕਰ ਵਿਚ ਬੈਠ ਗਿਆ। ਜਗੀਰ ਨਾਲ ਦੁਸ਼ਮਨੀ ਫਿਰ ਯਾਦ ਆ ਗਈ।

ਬੰਤੇ ਨੂੰ ਯਾਦ ਆਇਆ 'ਜਗੀਰ ਨੇ ਕਿਹਾ ਸੀ ਕਿ ਉਹ ਬੰਤੇ ਦੇ ਘਰ ਨੂੰ ਅਗ ਲਾ ਕੇ ਸਾੜ ਦੇਵੇਗਾ।' ਜਗੀਰ ਉਸਨੂੰ ਬੜਾ ਕਮੀਨਾ ਜਾਪਿਆ ਅਤੇ ਉਹ ਮਰਨ ਤੇ ਉਤਰ ਆਇਆ ਹੈ। ਇਹਨਾਂ ਦਿਨਾਂ ਵਿਚ ਹਰ ਚੀਜ਼ ਸੁਕੀ ਹੈ, ਹਵਾ ਵੀ ਤੇਜ ਚਲ ਰਹੀ ਹੈ। ਕੀ ਪਤਾ ਜਗੀਰ ਅਪਨੇ ਘਰ ਦੇ ਪਿਛਵਾੜੇ ਵਿਚੋਂ ਨਿਕਲ ਕੇ ਮੇਰੇ ਘਰ ਨੂੰ ਅਗ ਲਾ ਦੇਵੇ ਅਤੇ ਜਗੀਰ ਨੂੰ ਕੋਈ ਦੇਖ ਵੀ ਨਾ ਸਕੇ। ਪਰ ਮੈਂ ਤੇ ਉਹਨੂੰ ਫੜਣਾ ਚਾਹੁੰਦਾ ਹਾ। ਹਨੇਰਾ ਹੋ ਗਿਆ ਸੀ। ਇਹ ਸੋਚ ਕੇ ਬੰਤਾ ਬਾਹਰ ਆ ਗਿਆ ਅਤੇ ਅਪਨੇ ਘਰ ਦੇ ਇਕ ਕੋਨੇ ਤੇ ਖਲੋ ਗਿਆ।

ਜਦੋਂ ਹੀ ਕੋਨੇ ਕੋਲ ਖਲੋਤਾ ਸੀ ਕਿ ਉਸਨੇ ਕੋਈ ਚਲਦਾ ਹੋਇਆ ਦੇਖਿਆ। ਬੰਤਾ ਇਕ ਦਮ ਪਿਛੇ ਅਪਨੇ ਘਰ ਦੇ ਹਨੇਰੇ ਵਿਚ ਆ ਗਿਆ। ਹਵਾ ਤੇਜ਼ ਚਲ ਰਹੀ ਸੀ, ਦਰਖਤਾਂ ਦੇ ਪਤੇ ਖੜ-ਖੜ ਕਰ ਰਹੇ ਸਨ। ਪਹਿਲਾਂ ਤੇ ਹਨੇਰੇ ਵਿਚ ਉਸ ਨੂੰ ਕੁਝ ਨਜ਼ਰ ਨਾ ਆਇਆ ਪਰ ਫਿਰ ਉਸ ਨੇ ਨੀਝ ਲਾ ਕੇ ਦੇਖਿਆ।

ਉਸ ਨੇ ਚਾਰ ਚੁਫੇਰੇ ਨਜ਼ਰ ਦੁੜਾਈ ਪਰ ਕੁਝ ਨਜ਼ਰ ਨਾ ਆਇਆ। ਉਸ ਨੇ ਸੋਚਿਆ ਕਿ ਉਹਦੇ ਦਿਲ ਦਾ ਸ਼ਕ ਹੀ ਹੋਵੇਗਾ ਕਿ ਉਸਨੇ ਕੋਈ ਚੀਜ਼ ਦੇਖੀ ਹੈ। ਪਰ ਬੰਤੇ ਨੂੰ ਤਸਲੀ ਨਾ ਹੋਈ ਅਤੇ ਉਹ ਘਰ ਦੇ ਅਗੇ ਅਤੇ ਪਿਛੇ ਨੂੰ ਹੋਰ ਦੇਖਣਾ ਚਾਹੁੰਦਾ ਸੀ। ਉਸ ਨੇ ਅਪਨੀ ਜੁਤੀ ਲਾਹ ਲਈ ਅਤੇ ਨੰਗੇ ਪੈਰੀ ਬੜੀ ਹੌਲੀ-ਹੌਲੀ ਚਲਨਾ ਸ਼ੁਰੂ ਕੀਤਾ। ਉਸ ਨੂੰ ਫਿਰ ਕੋਈ ਚੀਜ਼ ਅਗੇ ਨੂੰ ਜਾਂਦੀ ਨਜ਼ਰ ਆਈ ਅਤੇ ਜਲਦੀ ਹੀ ਗਾਇਬ ਹੋ ਗਈ। ਬੰਤੇ ਦਾ ਦਿਲ ਤੇਜ ਧੜਕ ਰਿਹਾ ਸੀ। ਐਨੇ ਨੂੰ ਉਸਨੇ ਅਗ ਵਰਗੀ ਰੌਸ਼ਨੀ ਦੇਖੀ ਅਤੇ ਇਕ ਆਦਮੀ ਬੰਤੇ ਵਲ ਪਿੱਠ ਕਰੀ ਆਰਾਮ ਨਾਲ ਬੈਠਾ ਜਿਸ ਦੇ ਹਥ ਵਿਚ ਤੀਲਿਆਂ ਦਾ ਗੁਛਾ ਸੀ ਜੋ ਅਗ ਸੇਕ ਰਿਹਾ ਸੀ। ਬੰਤੇ ਦਾ ਦਿਲ ਜ਼ੋਰ ਨਾਲ ਧੜਕਣ ਲਗਾ ਅਤੇ ਉਹ ਅਪਨੇ ਘਰ ਦੇ ਪਿਛਵਾੜੇ ਵਿਚ ਤੇਜ-ਤੇਜ ਇਧਰ ਉਧਰ ਚਲਣ ਲਗ ਪਿਆ। ਉਹਨੇ ਉਚੀ ਦਿਤੀ ਆਪ ਮੁਹਾਰੇ ਕਿਹਾ, ਹੁਣ ਉਹ ਨਹੀਂ ਬਚੇਗਾ; ਪਕੜਿਆ ਜਾਵੇਗਾ ਮੇਰੇ ਘਰ ਨੂੰ ਅਗ ਲਗਾਂਦਾ। ਜਿਸ ਤਰ੍ਹਾਂ ਬਾਜ ਬਟੇਰੇ ਤੇ ਟੁਟ ਕੇ ਪੈਂਦਾ ਹੈ ਉਸੀ ਤਰ੍ਹਾਂ ਬੰਤਾ ਜਗੀਰ ਉਪਰ ਪੈ ਗਿਆ ਅਤੇ ਬੋਲਿਆ ਕਿ ਜਗੀਰ ਮੈਂ ਤੇਰੇ ਟੋਟੇ ਕਰ ਦਿਆਂਗਾ, ਤੂੰ ਬਚ ਕੇ ਨਹੀਂ ਜਾਵੇਂਗਾ।

ਜਗੀਰ ਬੜੀ ਮੁਸ਼ਿਕਲ ਨਾਲ ਬੰਤੇ ਕੋਲੂ ਛੁਟ ਕੇ ਅਪਨੇ ਘਰ ਵਲ ਖਰਗੋਸ਼ ਵਾਂਗੂ ਦੌੜ ਪਿਆ। ਬੰਤਾ ਨੇ ਕਿਹਾ, ਕਮੀਨੇ ਤੂੰ ਬਚ ਕੇ ਨਹੀਂ ਜਾ ਸਕਦਾ ਅਤੇ ਬੰਤਾ ਉਸ ਵਲ ਦੌੜਿਆ। ਦੌੜ ਰਹੇ ਬੰਤੇ ਦਾ ਕੋਟ ਇਕ ਦਰਖਤ ਦੀ ਟਾਹਣੀ ਵਿਚ ਫਸ ਗਿਆ। ਜਗੀਰ ਨੇ ਦੂਰ ਤੋ ਬੰਤੇ ਦੇ ਸਿਰ ਉਪਰ ਇਟ ਮਾਰੀ। ਬੰਤਾ ਬੇਹੋਸ਼ ਜ਼ਮੀਨ ਤੇ ਡਿਗ ਗਿਆ। ਬੰਤਾ ਕੁਝ ਦੇਰ ਬਾਦ ਹੋਸ਼ ਵਿਚ ਆਇਆ। ਉਹ ਉਠ ਖਲੋਤਾ। ਬੰਤਾ ਕੁਝ ਕਦਮ ਹੀ ਚਲਿਆ ਸੀ ਕਿ ਉਸਨੇ ਅਗ ਦੀ ਚਮਕਦੀ ਰੌਸ਼ਣੀ ਦੇਖੀ। ਉਸਨੇ ਦੇਖਿਆ ਕਿ ਜਗੀਰ ਦੇ ਤੂੜੀ ਵਾਲੇ ਕੋਠੇ ਨੂੰ ਅਗ ਲਗੀ ਹੋਈ ਸੀ। ਬੰਤਾ ਖੁਸ਼ ਹੋਇਆ ਕਿ ਜਗੀਰ ਦੀ ਤੂੜੀ ਅਤੇ ਕੋਠਾ ਸੜ ਰਹੇ ਹਨ। ਜਗੀਰ ਅਤੇ ਉਸਦਾ ਸਾਰਾ ਟਬਰ ਅਗ ਬੁਝਾਣ ਵਿਚ ਲੱਗਾ ਹੋਇਆ ਹੈ। ਪਰ ਅਗ ਵਧਦੀ ਜਾ ਰਹੀ ਸੀ। ਬੰਤੇ ਨੇ ਦੇਖਿਆ ਕਿ ਤੂੜੀ ਦੇ ਤੀਲੇ ਤੇਜ ਹਵਾ ਨਾਲ ਉਡਦੇ ਉਸਦੇ ਘਰ ਵਿਚ ਦਾਖਲ ਹੋ ਰਹੇ ਹਨ। ਉਹ ਦੌੜਿਆ ਕਿ ਉਸਦੇ ਘਰ ਨੂੰ ਨਾ ਅਗ ਲਗ ਜਾਵੇ। ਬੰਤੇ ਨੇ ਅਪਨੇ ਲੜਿਕਆਂ ਨੂੰ ਕਿਹਾ, ਉਠੋ, ਜਲਦੀ ਕਰੋ ਘਰ ਨੂੰ ਅਗ ਨਾ ਲਗਣ ਦਿਉ ਜੇ। ਪੁਤਰੋ ਉਠੋ, ਉਠੋ। ਬੰਤੇ ਦਾ ਸਾਰਾ ਪਰਿਵਾਰ ਜਾਗ ਪਿਆ ਪਰ ਉਸ ਦੇ ਘਰ ਨੂੰ ਅਗ ਲਗ ਚੁਕੀ ਸੀ। ਹਵਾ ਬੜੀ ਤੇਜ ਵਗ ਰਹੀ ਸੀ। ਉਧਰ ਜਗੀਰ ਦਾ ਘਰ ਅਗ ਦੀਆਂ ਭਿਆਨਕ ਲਾਟਾਂ ਨਾਲ ਘਿਰ ਚੁਕਾ ਸੀ।

ਬੰਤੇ ਦੇ ਘਰ ਨੂੰ ਵੀ ਅਗ ਨੇ ਲਪੇਟ ਲਿਆ। ਜਗੀਰ ਅਤੇ ਬੰਤੇ-- ਦੋਨਾਂ ਦੇ ਘਰ ਸੜ ਰਹੇ ਸਨ। ਧੂੰਆ ਅਤੇ ਅਗ ਹੀ ਅਗ ਸੀ। ਬੰਤਾ ਚਿਲਾਅ ਚਿਲਾਅ ਕੇ ਅਪਨੇ ਪਟਾਂ ਤੇ ਦੋਹਥੜ ਮਾਰਦਾ ਕਹਿ ਰਿਹਾ ਸੀ, ਉਹ ਭਰਾ ਜਗੀਰ ! ਮੈਂ ਤੇਰੇ ਕਿਉਂ ਗਲ ਪਿਆ। ਮੈਂ ਅਗ ਦੇ ਤੀਲੇ ਖੁਦ ਅਪਨੇ ਪੈਰਾਂ ਨਾਲ ਕਿਉਂ ਨਾ ਕੁਚਲੇ? ਮੈਂ ਤੀਲਿਆਂ ਨੂੰ ਕਿਉਂ ਨਾ ਮਸਿਲਆ— ਸੜ ਰਹੇ ਤੀਲਿਆਂ ਤੋਂ ਮੈਂ ਅਗ ਬੁਝਾ ਸਕਦਾ ਸੀ। ਉ ! ਮੈਂ ਇਹ ਕੀ ਕੀਤਾ। ਮੇਰਾ ਘਰ ਵੀ ਸੜ ਗਿਆ।

ਪਿੰਡ ਦੇ ਬਾਕੀ ਕਿਸਾਨ ਵੀ ਉਠ ਕੇ ਆ ਗਏ। ਉਹਨਾਂ ਨੇ ਉਚਾ ਧੂੰਆ ਅਤੇ ਅਗ ਦੋਵਾਂ ਘਰਾਂ ਨੂੰ ਲਗੀ ਦੇਖੀ। ਸਭ ਨੇ ਕੋਸ਼ਿਸ਼ ਕੀਤੀ ਕਿ ਅਗ ਬੁਝਾ ਲਈਏ ਪਰ ਅਗ ਨਾ ਬੁਝੀ। ਜੋ ਵੀ ਚੀਜ ਉਹ ਘਰਾਂ ਵਿਚੋਂ ਕਢ ਕੇ ਬਚਾ ਸਕਦੇ ਸਨ ਉਹਨਾਂ ਨੇ ਬਚਾਈ ਅਤੇ ਗੁਆਂਡੀਏ ਦੇ ਡੰਗਰ ਖੋਲ ਦਿੱਤੇ ਤਾਂ ਕਿ ਡੰਗਰ ਤੇ ਬਚ ਸਕਣ। ਹਨੇਰੀ ਵਗਦੀ ਰਹੀ। ਬੰਤੇ ਦੇ ਜੀਅ ਬੜੀ ਮੁਸ਼ਿਕਲ ਨਾਲ ਸੜਦੇ ਘਰ ਵਿਚੋਂ ਬਾਹਰ ਆਏ। ਪਿੰਡ ਵਾਸੀਆਂ ਨੇ ਬੰਤੇ ਦੇ ਬੁਢੇ ਪਿਉ ਨੂੰ ਬੜੀ ਮੁਸ਼ਕਿਲ ਨਾਲ ਅੰਦਰੋਂ ਕਢ ਕੇ ਲਿਆਂਦਾ। ਔਰਤਾਂ ਰਾਤ ਸੌਣ ਵਾਲੇ ਕੱਪੜਿਆਂ ਵਿਚ ਬਾਹਰ ਜਾਨ ਬਚਾ ਕੇ ਨਿਕਲ ਆਈਆਂ। ਸਾਲਾਂ ਬਧੀ ਇਕੱਠੀਆਂ ਕੀਤੀਆਂ ਚੀਜਾਂ ਅਗ ਨਾਲ ਸੜ ਗਈਆਂ। ਜਗੀਰ ਅਤੇ ਉਸਦੇ ਟਬਰ ਨੇ ਕੁਝ ਕੀਮਤੀ ਚੀਜ਼ਾਂ ਘਰੋਂ ਕਢ ਲਈਆਂ ਸਨ।

ਬੰਤਾ ਉਦਾਸ ਖਲੋਤਾ ਸੜੇ ਘਰ ਵਲ ਵੇਖਦਾ ਰਿਹਾ ਅਤੇ ਬਾਰ ਬਾਰ ਇਹੋ ਕਹਿ ਰਿਹਾ ਸੀ ਮੈਂ ਪੈਰਾਂ ਨਾਲ ਸ਼ੁਰੂ ਵਿਚ ਅਗ ਤੀਲਿਆਂ ਤੋਂ ਕਿਉ ਨਾਂ ਬੁਝਾਈ। ਲੋਕਾਂ ਨੇ ਕਿਹਾ ਕਿ ਬੰਤਾ ਸ਼ੁਦਾਈਆਂ ਵਾਂਗ ਗਲਾਂ ਕਰ ਰਿਹਾ ਹੈ। ਰੱਬ ਖੈਰ ਕਰੇ। ਐਨੇ ਨੂੰ ਬੰਤਾ ਅਪਨੇ ਸੜ ਰਹੇ ਘਰ ਵਿਚ ਜਾ ਵੜਿਆ। ਔਰਤਾਂ ਨੇ ਉਸ ਨੂੰ ਆਵਾਜ਼ਾਂ ਮਾਰੀਆਂ ਕਿ ਬੰਤੇ ਵਾਪਸ ਆ ਜਾ; ਮਰ ਜਾਵੇਂਗਾ। ਬੰਤੇ ਦੇ ਵਡੇ ਮੁੰਡੇ ਨੇ ਮਸਾਂ ਅਪਨੇ ਪਿਉ ਨੂੰ ਸੜ ਰਹੇ ਘਰ ਵਿਚੋਂ ਬਾਹਰ ਲਿਆਂਦਾ। ਬੰਤੇ ਦੇ ਵਾਲ, ਦਾੜੀ ਅਤੇ ਕਪੜੇ ਵੀ ਸੜ ਗਏ। ਪਰ

ਉਸ ਨੂੰ ਦਰਦ ਮਹਿਸੂਸ ਨਹੀਂ ਹੋ ਰਹੀ ਸੀ। ਲੋਕਾਂ ਨੇ ਕਿਹਾ ਕਿ ਉਹ ਸ਼ੁਦਾਈ ਹੋ ਗਿਆ ਹੈ।

ਅਗ ਘਟ ਚੁਕੀ ਸੀ ਪਰ ਬੰਤਾ ਘਰ ਦੇ ਸਾਹਮਣੇ ਖਲੋਤਾ ਲਗਾਤਾਰ ਆਪੇ ਗਲਾਂ ਕਰ ਰਿਹਾ ਸੀ ਕਿ ਮੈਂ ਅਗ ਤੀਲਿਆਂ ਤੋਂ ਕਿਉ ਨਾ ਬੁਝਾਈ! ਹਾਏ ਮੇਰੇ ਰਬਾ!

ਦੂਜੇ ਦਿਨ ਸਵੇਰੇ ਬੰਤੇ ਦਾ ਛੋਟਾ ਭਰਾ ਬੰਤੇ ਨੂੰ ਲੈਣ ਆਇਆ ਕਿ ਸਾਡਾ ਪਿਉ ਮਰ ਰਿਹਾ ਹੈ। ਚਲ ਪਿਉ ਨੇ ਤੈਨੂੰ ਬੁਲਾਇਆ ਹੈ ਕਿ ਮਰਨ ਤੋਂ ਪਹਿਲਾਂ ਉਹ ਬੰਤੇ ਨੂੰ ਦੇਖਣਾ ਚਾਹੁੰਦਾ ਹੈ। ਉਦਾਸੀ ਵਿਚ ਬੰਤਾ ਅਪਨੇ ਪਿਉ ਨੂੰ ਭੁਲ ਗਿਆ ਸੀ ਅਤੇ ਬੋਲ ਨਹੀਂ ਸੀ ਰਿਹਾ। ਥੋੜ੍ਹੀ ਦੇਰ ਬਾਦ ਬੰਤੇ ਨੇ ਕਿਹਾ, ਪਿਉ ਕਿਸਦਾ, ਉਹ ਕੀ ਚਾਹੁੰਦਾ ਹੈ?

ਬੰਤੇ ਦੇ ਛੋਟੇ ਭਰਾ ਨੇ ਪਿਉ ਦਾ ਸੁਨੇਹਾ ਬੰਤੇ ਨੂੰ ਫਿਰ ਦੱਸਿਆ। ਸਾਡਾ ਬੁਢਾ ਪਿਉ ਮਰ ਰਿਹਾ ਹੈ ਅਤੇ ਉਹ ਤੈਨੂੰ ਦੇਖਨਾ ਚਾਹੁੰਦਾ ਹੈ। ਕੀ ਬੰਤੇ ਭਰਾ ਤੂੰ ਨਹੀਂ ਚਲੇਗਾ?

ਆਖਰ ਬੰਤਾ ਸਮਝ ਗਿਆ ਅਤੇ ਛੋਟੇ ਭਰਾ ਦੇ ਪਿਛੇ ਪਿਛੇ ਚਲ ਪਿਆ।

ਉਸ ਨੇ ਘਰ ਪਹੁੰਚ ਕੇ ਦੇਖਿਆ ਕਿ ਬੁਢਾ ਪਿਉ ਮਰਨ ਕਿਨਾਰੇ ਹੈ। ਬੰਤੇ ਨੂੰ ਵੇਖ ਕੇ ਪਿਉ ਨੇ ਇਸ਼ਾਰੇ ਨਾਲ ਬੰਤੇ ਨੂੰ ਅਪਨੇ ਕੋਲ ਬੈਠਣ ਲਈ ਕਿਹਾ। ਮਰ ਰਹੇ ਪਿਉ ਨੇ ਕੰਬਦੀ ਅਵਾਜ਼ ਵਿਚ ਕਿਹਾ, ਬੰਤੇ! ਮੈਂ ਤੈਨੂੰ ਪਹਿਲਾਂ ਹੀ ਦੱਸਿਆ ਸੀ ਕਿ ਲੜਾਈ ਦਾ ਹਸ਼ਰ ਮਾੜਾ ਹੀ ਹੋਵੇਗਾ? ਦਸ ਕਿਸ ਨੇ ਅਗ ਲਗਾਈ? ਬੰਤਾ ਬੋਲਿਆ ਜੇ ਮੈਂ ਜਗੀਰ ਵਲ ਨਾ ਦੌੜਦਾ ਅਤੇ ਸੜ ਰਹੇ ਤੀਲਿਆਂ ਨੂੰ ਪੈਰਾਂ ਨਾਲ ਮਸਲ ਕੇ ਅਗ ਬੁਝਾ ਦਿੰਦਾ ਤਾਂ ਅਗ ਨਹੀਂ ਸੀ ਲਗਨੀ।

ਬੁਢੇ ਪਿਉ ਨੇ ਕਿਹਾ, ਮੌਤ ਮੇਰੇ ਬਹੁਤ ਨਜ਼ਦੀਕ ਆ ਰਹੀ ਹੈ ਅਤੇ ਯਾਦ ਰਖ ਇਕ ਦਿਨ ਤੂੰ ਵੀ ਮਰਨਾ ਹੈ। ਰਬ ਨੂੰ ਯਾਦ ਕਰਕੇ ਦਸ ਕਿਸ ਦਾ ਕਸੂਰ ਹੈ?

ਬੰਤਾ ਮਰ ਰਹੇ ਪਿਉ ਦੇ ਨੇਕ ਚੇਹਰੇ ਵਲ ਵੇਖ ਰਿਹਾ ਸੀ ਅਤੇ ਚੁਪ ਸੀ। ਉਸ ਦਾ ਦਿਲ ਬਹੁਤ ਭਰਿਆ ਹੋਇਆ ਸੀ; ਉਹ ਬੋਲ ਨਾ ਸਕਿਆ। ਹੁਣ ਬੰਤੇ ਦੇ ਮੰਨ ਵਿਚ ਸਚਾਈ ਬਾਹਰ ਆਉਣ ਲਈ ਉਤਾਵਲੀ ਹੋ ਰਹੀ ਸੀ ਅਤੇ ਉਹਨੇ ਮਹਿਸੂਸ ਕੀਤਾ ਕਿ ਕਿੰਨਾ ਮੂਰਖ ਉਹ ਆਪ ਹੈ ਕਿ ਅਪਨੇ ਅਤੇ ਜਗੀਰ ਦੇ ਘਰਾਂ ਨੂੰ ਸੜਣ ਤੋਂ ਬਚਾ ਸਕਦਾ ਸੀ। ਉਹ ਬੁਰੀ ਤਰ੍ਹਾਂ ਸਿਸਕ ਕੇ ਰਹਿ ਗਿਆ। ਅਪਨੇ ਪਿਉ ਦੇ ਸਾਹਮਨੇ ਗੋਡੇ ਟੇਕ ਕੇ ਬੱਚਿਆਂ ਦੀ ਤਰ੍ਹਾਂ ਰੋਂਦਾਂ ਹੋਇਆ ਬੋਲਿਆ: ਉਹ! ਮੇਰੇ ਪਿਆਰੇ ਪਿਉ: ਮੈਨੂੰ ਮੁਆਫ ਕਰ ਦਿਉ, ਕਿਉਂਕਿ ਮੈਂ ਗੁਨਾਹਗਾਰ ਹਾਂ ਤੁਹਾਡਾ ਅਤੇ ਰਬ ਦਾ। ਮਰ ਰਹੇ ਪਿਉ ਨੇ ਹਥ ਜੋੜਣੇ ਚਾਹੇ ਪਰ ਕਮਜ਼ੋਰੀ ਕਾਰਨ ਨਾ ਜੋੜ ਸਿਕਆ। ਅਪਨੀਆਂ ਬੁਝ ਰਹੀਆਂ ਅਖਾਂ ਬੰਤੇ ਵਲ ਕਰਕੇ ਬੋਲਿਆ, ਦੇਖ ਇਧਰ; ਬੰਤੇ! ਬੰਤੇ! ਮੇਰੇ ਪਿਆਰੇ ਪੁਤਰ!

ਬੰਤਾ: ਦਸੋ ਮੇਰੇ, ਮੇਰੇ ਪਿਤਾ ਜੀ।

ਪਿਉ: ਤੇਰੇ ਕੋਲ ਘਰ ਨਹੀਂ ਹੈ; ਦਸ ਹੁਣ ਕੀ ਕਰੇਗਾ।

ਬੰਤਾ ਭੁਬਾਂ ਮਾਰ ਕੇ ਕਹਿਣ ਲਗਾ, ਮੈਨੂੰ ਸਮਝ ਨਹੀਂ ਆ ਰਹੀ ਕਿ ਅਸੀਂ ਹੁਣ ਕਿਥੇ ਰਹਾਂਗੇ।

ਪਿਉ ਨੇ ਅਖਾਂ ਬੰਦ ਕਰਕੇ ਬੜੇ ਮੁਸ਼ਕਲ ਨਾਲ ਬੁਲ ਹਲਾਏ ਅਤੇ ਮਸਾਂ ਹੀ ਥੋੜ੍ਹੀਆਂ ਕੁ ਅਖਾਂ ਖੋਲ ਕੇ ਬੋਲਿਆ, ਬੰਤਿਆ ਜੇ ਤੂੰ ਰਬ ਦੀ ਰਜਾ ਵਿਚ ਰਹੇਂ ਤਾਂ ਤੂੰ ਖੁਸ਼ ਅਤੇ ਦੁਬਾਰਾ ਖੁਸ਼ਹਾਲ ਹੋ ਜਾਵੇਂਗਾ।

ਪਿਉ ਥੋੜ੍ਹੀ ਦੇਰ ਚੁਪ ਰਿਹਾ ਅਤੇ ਹੌਲੀ ਜਿਹੀ ਉਦਾਸ ਹਸੀਂ ਵਿਚ ਬੋਲਿਆ: ਅਗ ਦੇ ਲਗਣ ਬਾਰੇ ਹੁਣ ਚਿੰਤਾ ਨਾ ਕਰੀ। ਜੇ ਤੂੰ ਗੁਆਂਡੀ ਦਾ ਇਕ ਕਸੂਰ ਮੁਆਫ ਕਰੇਂਗਾ ਤਾਂ ਰਬ ਤੇਰੇ ਦੋ ਕਰੇਗਾ।

ਬੰਤੇ ਦੇ ਪਿਉ ਨੇ ਡੂੰਘਾ ਸਾਹ ਲਿਆ ਅਤੇ ਉਹ ਮੌਤ ਦੇ ਹਵਾਲੇ ਹੋ ਗਿਆ।

* * * * *

ਬੰਤੇ ਦਾ ਦਿਲ ਅਪਨੇ ਗੁਆਂਡੀ ਦੁਸ਼ਮਣ ਪ੍ਰਤੀ ਬੜਾ ਨਰਮ ਅਤੇ ਨੇਕ ਹੋ ਗਿਆ। ਉਸਨੇ ਮਹਿਸੂਸ ਕੀਤਾ ਕਿ ਉਹ ਦੁਸ਼ਮਣੀ ਬਨਾਉਣ ਵਿਚ ਖੁਦ ਜ਼ਿਆਦਾ ਜ਼ੁੰਮੇਵਾਰ ਸੀ। ਬੰਤੇ ਨੇ ਅਪਨੇ ਪਿਉ ਦੀ ਨਸੀਹਤ ਮੰਨ ਲਈ।

ਜਗੀਰ ਬੜਾ ਹੈਰਾਨ ਸੀ ਕਿ ਬੰਤੇ ਨੇ ਉਹਦੇ ਪ੍ਰਤੀ ਵਤੀਰਾ ਬਦਲ ਲਿਆ ਹੈ। ਪਹਿਲਾਂ ਤੇ ਉਸ ਨੂੰ ਬੰਤੇ ਦਾ ਖੌਫ ਰਹਿੰਦਾ ਸੀ ਪਰ ਹੁਣ ਉਹ ਬੰਤੇ ਵਲੋਂ ਬੇਫਿਕਰ ਸੀ। ਦੋਨਾਂ ਕਿਸਾਨਾਂ ਨੇ ਕਦੀ ਝਗੜਾ ਲੜਾਈ ਨਾ ਕੀਤੀ ਅਤੇ ਉਹਨਾਂ ਦੇ ਪਰਿਵਾਰ ਵੀ ਉਹਨਾਂ ਵਰਗੇ ਹੋ ਗਏ। ਜਦੋਂ ਉਹ ਘਰ ਬਣਾ ਰਹੇ ਸਨ ਤਾਂ ਉਹਨਾਂ ਦੇ ਦੋਵੇ ਪਰਿਵਾਰ ਇਕੋ ਛਤ ਥਲੇ ਗੁਜਾਰਾ ਕਰਦੇ। ਜਦੋਂ ਉਹ ਨਵੇਂ ਬਣਾਏ ਘਰਾਂ ਵਿਚ ਗਏ ਤਾਂ ਅਪਨੇ ਪਿਉਆਂ ਦੀ ਤਰ੍ਹਾਂ ਚੰਗੇ ਗੁਆਂਡੀ ਅਤੇ ਡੂੰਘੇ ਦੋਸਤ ਬਣ ਗਏ।

ਬੰਤੇ ਦੇ ਦਿਲ ਵਿਚ ਉਹਦੇ ਪਿਉ ਦੀ ਨਸੀਹਤ ਘਰ ਕਰ ਗਈ ਸੀ ਕਿ ਹਰ ਕਿਸਮ ਦੀ ਅਗ ਨੂੰ ਸ਼ੁਰੂ ਵਿਚ ਹੀ ਦਬਾ ਦੇਣਾ ਚਾਹੀਦਾ ਹੈ।

ਬੰਤਾ ਹੁਣ ਬੜਾ ਸੁਧਰਿਆ ਇਨਸਾਨ ਬਣ ਚੁਕਾ ਸੀ।

ਉਹ ਦੋਵੇਂ ਗੁਆਂਡੀ ਸ਼ਾਂਤੀ ਨਾਲ ਜ਼ਿੰਦਗੀ ਬਸਰ ਕਰਨ ਲਗੇ ਅਤੇ ਪਹਿਲਾਂ ਵਰਗੇ ਖੁਸ਼ਹਾਲ ਬਣ ਗਏ।

* * * * *

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂੰ ਰੁੱਲ ਜਾਵੋਗੇ

# ਪੰਜਾਬੀ ਵਿਰਸਾ

## ਦਰੀ-ਗਲੀਚਾ

1. ਫਰਸ਼ ਨੂੰ ਤਾਰਪੀਨ ਦੇ ਤੇਲ ਦਾ ਪੋਚਾ ਲਗਾਓ, ਦਰੀ ਨੂੰ ਕਦੀ ਕੀੜਾ ਨਹੀਂ ਲੱਗਦਾ।
2. ਗਲੀਚੇ ਨੂੰ ਸਾਫ ਕਰਨ ਲਈ ਕੰਘੀ ਨਾਲ ਸਾਫ਼ ਕਰੋ।
3. ਦਰੀ ਜਾਂ ਗਲੀਚੇ 'ਤੇ ਕੋਈ ਵੀ ਦਾਗ ਪੈ ਜਾਵੇ ਤਾਂ ਉਸ ਨੂੰ ਲੂਣ ਦੇ ਪਾਣੀ ਨਾਲ ਸਾਫ਼ ਕਰੋ।
4. ਦਰੀ ਜਾਂ ਗਲੀਚੇ ਨੂੰ ਕੀੜਿਆਂ ਤੋਂ ਬਚਾਉਣ ਲਈ ਪਾਣੀ ਵਿਚ ਥੋੜ੍ਹਾ ਜਿਹਾ ਅਲਸੀ ਦਾ ਤੇਲ ਪਾ ਕੇ ਪੋਚਾ ਲਗਾਓ।
5. ਗਲੀਚੇ ਝਾੜਣ ਤੋਂ ਬਾਅਦ ਸਿਰਕੇ ਦੇ ਪਾਣੀ ਦੀ ਟਾਕੀ ਮਾਰ ਦਿਓ, ਉਸ 'ਤੇ ਚਮਕ ਆ ਜਾਂਦੀ ਹੈ।
6. ਦਰੀ ਜਾਂ ਗਲੀਚੇ 'ਤੇ ਦਾਗ ਪੈ ਜਾਵੇ ਤਾਂ ਉਸਨੂੰ ਸਿਰਕੇ ਦੇ ਪਾਣੀ ਨਾਲ ਸਾਫ਼ ਕਰੋ।
7. ਦਰੀ ਜਾਂ ਗਲੀਚੇ ਨੂੰ ਸੋਟੀਆਂ ਮਾਰ ਕੇ ਝਾੜੋ, ਉਸ ਦੀ ਸਾਰੀ ਧੂੜ ਬਾਹਰ ਆ ਜਾਂਦੀ ਹੈ।

*****

## ਦਹੀਂ

1. ਇਕ ਕੱਪ ਦਹੀਂ ਵਿਚ ਲੂਣ ਪਾ ਕੇ ਚੰਗੀ ਤਰ੍ਹਾਂ ਘੋਲ ਲਓ, ਫਿਰ ਸਿਰ 'ਤੇ ਲਗਾਓ। 40-50 ਮਿੰਟ ਬਾਅਦ ਧੋ ਲਵੋ, ਸਿਕਰੀ ਹੱਟ ਜਾਵੇਗੀ।
2. ਦਹੀਂ ਜਮਾਉਣ ਵੇਲੇ ਭਾਂਡੇ ਦੇ ਆਸੇ-ਪਾਸੇ ਫਟਕੜੀ ਮਲ ਦਿਓ, ਦਹੀਂ ਵਧੀਆ ਜੰਮੇਗਾ।
3. ਮਟਰੀ ਬਣਾਉਣ ਵੇਲੇ ਦਹੀਂ ਨਾਲ ਮੈਦਾ ਗੁੰਨੋ, ਮਟਰੀ ਸੁਆਦ ਬਣੇਗੀ।
4. ਦਹੀਂ ਜਲਦੀ ਜਮਾਉਣ ਲਈ ਦੁੱਧ ਵਿਚ ਇਕ ਪੂਰੀ ਲਾਲ ਮਿਰਚ ਪਾ ਦਿਓ ਦਹੀਂ ਛੇਤੀ ਜੰਮੇਗਾ।
5. ਦਹੀਂ ਜਮਾਉਣ ਵੇਲੇ ਦੁੱਧ ਵਿਚ ਇਕ ਚਮਚਾ ਖੰਡ ਦਾ ਪਾ ਦਿਓ, ਦਹੀਂ ਖੱਟਾ ਨਹੀਂ ਹੋਵੇਗਾ ਤੇ ਜਲਦੀ ਜੰਮੇਗਾ।
6. ਦਹੀਂ ਗਾੜ੍ਹਾ ਜਮਾਉਣ ਵੇਲੇ ਥੋੜ੍ਹਾ ਜਿਹਾ ਦੁੱਧ ਵਿਚ ਮੱਕੀ ਦਾ ਆਟਾ ਪਾ ਦਿਓ।
7. ਜੇ ਦਹੀਂ ਜ਼ਿਆਦਾ ਖੱਟਾ ਹੋ ਜਾਵੇ ਤਾਂ ਉਸ ਵਿਚ ਦੁੱਧ ਪਾ ਕੇ ਰਾਇਤਾ ਬਣਾ ਲਵੋ।

*****

## ਮੁਹਾਵਰੇ ਤੇ ਅਖਾਣ

**ਹਾਂਡੀ ਉਬਲੂ ਤੇ ਆਪਣੇ ਹੀ ਕੰਢੇ ਸਾੜੂ** - ਜਦੋਂ ਕੋਈ ਵਿਅਕਤੀ ਸੜਦਾ-ਕੁੜ੍ਹਦਾ ਰਹੇ ਤਾਂ ਆਪਣਾ ਹੀ ਨੁਕਸਾਨ ਕਰ ਬੈਠੇ ਤਾਂ ਕਿਹਾ ਜਾਂਦਾ ਹੈ।

**ਸੌ ਚਾਚਾ ਇਕ ਪਿਉ ਸੌ ਦਾਰੂ ਇਕ ਘਿਉ** - ਜਦੋਂ ਇਹ ਦੱਸਣਾ ਹੋਵੇ ਕਿ ਪਿਤਾ ਦੀ ਤਰ੍ਹਾਂ ਹਿਤੂ ਕੋਈ ਵੀ ਨਹੀਂ ਹੋ ਸਕਦਾ ਅਤੇ ਘਿਉ ਤੋਂ ਵਧੀਆ ਕੋਈ ਵੀ ਦਵਾ ਜਾਂ ਵਸਤੂ ਘਿਉ ਦਾ ਅਸਥਾਨ ਨਹੀਂ ਲੈ ਸਕਦੀ।

**ਲੀਕਾਂ ਕੱਢਣਾ** - ਹਾਰ ਮੰਨਣਾ, ਈਨ ਮੰਨਣਾ, ਤੋਬਾ ਕਰਨਾ, ਨੱਕ ਧਰਤੀ ਤੇ ਰਗੜਨਾ।

**ਮਿੱਟੀ ਛਾਣਨਾ** - ਖੱਜਲ-ਖੁਆਰ ਹੋਣਾ, ਬਹੁਤ ਮੁਸ਼ੱਕਤ ਕਰਨਾ।

*****

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਸਿਹਤ ਖੇਤਰ ਵਿਚ ਐਂਬੂਲੈਂਸ ਕਮ ਕਲੀਨਿਕਲ ਟੈਸਟਿੰਗ ਮੋਬਾਇਲ ਵੈਨ ਵੱਲੋਂ ਜਲੰਧਰ ਅਤੇ ਕਪੂਰਥਲਾ ਦੇ ਵੱਖ-ਵੱਖ ਥਾਵਾਂ 'ਤੇ ਲਗਾਏ ਗਏ ਫ੍ਰੀ ਟੈਸਟਿੰਗ ਕੈਂਪਾਂ ਦਾ ਵੇਰਵਾ












ਫਾਊਂਡੇਸ਼ਨ ਵੱਲੋਂ ਉਪਰੋਕਤ ਚਲਾਈ ਜਾ ਰਹੀ ਵੈਨ ਦੇ ਪ੍ਰਬੰਧ ਨੂੰ ਚਲਾਉਣ ਲਈ ਬਣਾਈ ਕਮੇਟੀ ਜਿਸ ਵਿਚ ਸ. ਪ੍ਰੀਤਮ ਸਿੰਘ ਨਾਰੰਗਪੁਰ, ਸਤਪਾਲ ਸਿੰਘ ਮੁਲਤਾਨੀ, ਸ. ਮਹਿੰਦਰ ਸਿੰਘ ਡੀ.ਐਸ.ਪੀ. (ਰਿਟਾ.), ਸ. ਅਵਤਾਰ ਸਿੰਘ ਡੀ.ਐਸ.ਪੀ. (ਰਿਟਾ.), ਸ. ਪਰਮਿੰਦਰਜੀਤ ਸਿੰਘ, ਸ. ਜਸਵਿੰਦਰ ਸਿੰਘ ਬਿੱਲਾ ਕੌਂਸਲਰ, ਸ. ਸੁਖਵਿੰਦਰ ਸਿੰਘ ਬਿੱਲਾ ਅਤੇ ਪ੍ਰਿੰ. ਟਹਿਲ ਸਿੰਘ। ਵੈਨ ਵੱਲੋਂ ਜਲੰਧਰ, ਹੁਸ਼ਿਆਰਪੁਰ ਅਤੇ ਕਪੂਰਥਲਾ ਸ਼ਹਿਰ ਅਤੇ ਪਿੰਡਾਂ ਵਿਚ ਅਲੱਗ-ਅਲੱਗ ਥਾਵਾਂ 'ਤੇ ਕੈਂਪ ਲਗਾਏ ਗਏ ਜਿਸ ਵਿਚ ਲਗਭਗ 160 ਮਰੀਜ਼ਾਂ ਦੇ ਖ਼ੂਨ ਦੇ ਟੈਸਟ ਕੀਤੇ ਗਏ। ਫੋਟੋ - ਜੋਗਿੰਦਰ ਸਿੰਘ ਅਜੈਬ

# ਕਾਵਿ-ਕਿਆਰੀ

## (1) ਲ਼ਫ਼ਜ਼ਾਂ ਦੀ ਲੋਏ-ਲੋਏ

**ਹਰਬਖਸ਼ ਸਿੰਘ ਟਾਹਲੀ, ਯੂ.ਐਸ.ਏ.**

### ਗਰਵ



ਜਾਤ ਦਾ ਗਰਵ ਨਾ ਕਰੀਂ
ਇਹ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ।
ਆਤਮਾ, ਪ੍ਰਮਾਤਮਾ ਦਾ ਇਕ ਹਿੱਸਾ ਹੈ
ਇਹ ਗੀਤਾ ਵਿਚ ਲਿਖਿਆ ਹੈ।
ਵੇਦ ਸਾਰੀ ਸ੍ਰਿਸ਼ਟੀ ਨੂੰ ਬ੍ਰਹਮਾ ਦੀ ਨਾਭ
ਵਿਚੋਂ ਉਪਜਿਆ ਮੰਨਦਾ ਹੈ।
ਉਪਨਿਸ਼ਦ ਕਹਿੰਦੇ ਹਨ ਇਹ ਸਾਰੀ ਸ੍ਰਿਸ਼ਟੀ
ਇਕ ਧੁਨੀ (ਆਵਾਜ਼) ਵਿਚੋਂ ਪੈਦਾ ਹੋਈ ਹੈ।
ਬਾਈਬਲ ਸਾਰੀ ਮਨੁੱਖਤਾ ਨੂੰ
ਆਦਮ ਦੀ ਔਲਾਦ ਮੰਨਦੀ ਹੈ,
ਕੁਰਾਨ ਬੰਦੇ ਨੂੰ ਅੱਲਾ ਦੀ ਜਾਤ ਕਹਿੰਦੀ ਹੈ।
ਫਿਰ ਕਿਉਂ? ਕਿਉਂ ਇਹ ਧਰਮਾਂ ਦੀਆਂ ਪੰਡਾਂ
ਚੁੱਕੀ ਫਿਰਦੇ ਇਹ ਲੋਕ
ਪਾਈ ਫਿਰਦੇ ਨੇ ਵੰਡੀਆਂ
ਜਾਤਾਂ ਦੀਆਂ, ਗੋਤਾਂ ਦੀਆਂ, ਕੌਮਾਂ ਦੀਆਂ?
ਕਿਤੇ ਇਹ ਆਪਣੇ ਹੀ ਗ੍ਰੰਥਾਂ ਦੇ ਵਿਰੋਧ
ਵਿਚ ਖੜ੍ਹੇ ਤੇ ਨਹੀਂ ਹੋ ਗਏ?
ਕਿਤੇ ਇਹ ਪਵਿੱਤਰ ਗ੍ਰੰਥਾਂ ਨੂੰ ਸਿਰਾਂ ਤੇ ਚੁੱਕੀ
ਆਪਣੀ ਢਾਲ ਬਣਾ ਕੇ, ਸਿਆਸਤ ਦੀ ਖੇਡ
ਤੇ ਨਹੀਂ ਖੇਡ ਰਹੇ?
ਕਿਤੇ ਧਰਮ ਦੇ ਮਖੌਟੇ ਪਹਿਨ ਕੇ
ਸ਼ੈਤਾਨ ਦੀ ਫੌਜ ਦੇ ਸਿਪਾਹੀ ਇਨਸਾਨੀਅਤ ਦੇ ਖਿਲਾਫ
ਜੰਗ ਤੇ ਨਹੀਂ ਲੜ ਰਹੇ?

*****

### ਇਕਾਂਤ-ਇਕਲਾਪਾ

ਇਕਾਂਤ ਇਕਲਾਪੇ ਦਾ ਵੀ, ਇਕ ਸੰਸਾਰ ਹੈ।
ਪਰ ਦੋਹਾਂ ਵਿਚ, ਅੰਤਰ ਬੇਸ਼ੁਮਾਰ ਹੈ।

ਇਕਾਂਤ ਕੁਦਰਤ ਦੀ ਸ਼ਾਂਤ ਅਵਸਥਾ ਹੈ,
ਪਰ ਇਕਲਾਪਾ ਮਨ ਦੀ, ਘੋਰ ਉਦਾਸ ਵਿਵਸਥਾ ਹੈ।

ਇਕ ਹਰ ਪਲ, ਤ੍ਰੈਕਾਲ ਸਵੈ ਸੁਤੰਤਰ ਹੈ,
ਇਕ ਅਤਿ-ਦੁਖੀ, ਅਤੀਤਮੁਖੀ ਪਰਤੰਤਰ ਹੈ।

ਇਕ ਪੁੰਨਿਆਂ ਦੀ, ਪ੍ਰਭਾਵੀ ਪ੍ਰਭਾਤ ਹੈ,
ਇਕ ਮੱਸਿਆ ਦੀ, ਕਾਲੀ ਬੋਲੀ ਲੰਮੀ ਰਾਤ ਹੈ।

ਇਕ ਜ਼ਿੰਦਗੀ ਨੂੰ ਹੰਗਾਲਦੀ ਨਿਖਾਰਦੀ ਹੈ,
ਇਕ ਹਰਦਮ, ਮੁਕਤ ਮੌਤ ਨੂੰ ਵਾਜਾਂ ਮਾਰਦੀ ਹੈ।

ਇਕਾਂਤ ਕੁਦਰਤ ਦੀ ਪਾਕ ਫਿਜ਼ਾਅ ਹੈ,
ਇਕਲਾਪਾ ਵਫਾ ਬਦਲੇ, ਸਮਕਾਲ ਦੀ ਸਜ਼ਾ ਹੈ।


ਇਕ ਚਿੰਤਾ ਚਿੰਤਨ ਦੇ, ਉਮਾਰ ਉਤਸ਼ਾਹ ਦਾ ਸਾਗਰ ਹੈ,
ਇਕ ਅਜਿਹਾ-ਅਨੁਭਵੀ, ਰੋਗਾਂ-ਸੋਗਾਂ ਦਾ ਸੁਦਾਗਰ ਹੈ।

ਇਕਾਂਤਧਾਰਕ ! ਹਰ ਇਕ ਨੂੰ ਮਨੋਂ ਭਾਉਂਦਾ ਹੈ,
ਇਕਲਾਪਾ ਸਵੈ ਨੂੰ ਵੀ, ਸਵੈ ਤੋਂ ਛਿਪਾਉਂਦਾ ਹੈ।

ਫਿਰ ਵੀ ਦੋਹਾਂ ਵਿਚ, ਇਕ ਅਜਬ ਸੰਜੋਗ ਹੈ,
ਇਕ ਵਸਲਾਂ ਦਾ ਹਾਣੀ, ਦੂਜਾ ਬ੍ਰਿਹਾ ਤੇ ਵਿਯੋਗ ਹੈ।

ਭਾਵੇਂ ਦੋਹਾਂ ਵਿਚ ਜਮਾਂ-ਮਨਫ਼ੀ ਦਾ ਫ਼ਰਕ ਹੈ,
ਫਿਰ ਵੀ ਦੋਹਾਂ ਕੋਲ, ਆਪੋ ਆਪਣਾ ਤਰਕ ਹੈ।

ਲੱਗਦੈ ਅਜੋਕੀ, ਹਫ਼ੀ-ਹਾਰੀ ਜੀਵਨ ਸ਼ੈਲੀ 'ਚੋਂ,
ਲੱਗਦੈ ਅਜੋਕੀ, ਹਫ਼ੀ ਹਾਰੀ, ਜੀਵਨ ਸ਼ੈਲੀ ਠਰ ਗਈ ਹੈ।
ਜਿਸ ਕਰਕੇ ਸ਼ਾਂਤ ਇਕਾਂਤ ਵੀ, ਪੂਰਨ ਪ੍ਰਵਾਜ਼ ਭਰ ਗਈ ਹੈ।



ਇਉਂ ਦਰਦ ਵੰਡਾਉਂਦੀ, ਸੁਚਾਰੂ ਜ਼ਿੰਦਗੀ ਦੀ ਤਲੀ,
ਮਰਨ-ਹਾਕਾ ਇਕਲਾਪਾ, ਧਿੰਗੋਜ਼ੋਰੀ ਧਰ ਗਈ ਹੈ।

**ਪ੍ਰੋ. ਪ੍ਰੀਤਮ ਸਿੰਘ ਸਰਗੋਧੀਆ,**
**ਪੀ.ਈ.ਐਸ.-1,**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ,**
**ਮੋ. 98153-03206**

***

**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ**
**ਕੱਖਾਂ ਵਾਂਗੂ ਰੁੱਲ ਜਾਵੋਗੇ**

## ਸਾਜਣਾ ਦਿਵਸ



-ਰਘਬੀਰ ਸਿੰਘ ਸੁਭਾਨਪੁਰ

ਗੁਰੂ ਗੋਬਿੰਦ ਸਿੰਘ ਜੀ ਖੇਲ ਰਚਾਇਆ
ਅਨੰਦਪੁਰ ਸਾਹਿਬ ਸਭ ਨੂੰ ਬਲਾਇਆ
ਐਸਾ ਖਾਲਸਾ ਪੰਥ ਸਜਾਉਣਾ
ਚਿੜੀਆ ਤੋਂ ਹੈ ਬਾਜ ਤੜਾਉਣਾ

ਪੰਥ ਖਾਲਸਾ ਸਾਜਨਾ ਐਸਾ
ਵਿਚ ਦੁਨੀਆਂ ਦੇ ਨਹੀਂ ਕੋਈ ਜੈਸਾ
ਲੱਖਾਂ ਵਿਚੋਂ ਪਛਾਣਿਆ ਜਾਊ
ਵਾਹਿਗੁਰੂ ਜੀ ਕੀ ਫਤਿਹ ਬਲਾਊ

ਕੇਸ ਕੰਘਾ ਕੱਛਾ ਕ੍ਰਿਪਾਨ
ਸਿਰ ਦਸਤਾਰ ਖਾਲਸੇ ਦੀ ਸ਼ਾਨ
ਜਾਤ-ਪਾਤ ਦਾ ਕੋਹੜ ਮਟਾਉਣਾ
ਊਚ ਨੀਚ ਨੂੰ ਬਰਾਬਰ ਬਨਾਉਣਾ

ਜ਼ੁਲਮ ਦਾ ਟਾਕਰਾ ਕਰੂ ਜੋ ਖੜ ਕੇ
ਲੜੂ ਮੈਦਾਨੇ ਸਿਰ ਤਲੀ ਤੇ ਧਰ ਕੇ
ਮੁਗਲਾਂ ਨੂੰ ਹੈ ਇਥੋਂ ਭਜਾਉਣਾ
ਨਿਸ਼ਾਨ ਖਾਲਸਾ ਲਾਲ ਕਿਲੇ ਚੜ੍ਹਾਉਣਾ

ਐਸਾ ਖਾਲਸਾ ਪੰਥ ਸਜਾਇਆ
ਸਵਾ ਲੱਖ ਨਾਲ ਇਕ ਲੜਾਇਆ
ਟੋਟੇ ਬੱਚਿਆਂ ਦੇ ਗਲਾਂ 'ਚ ਪਵਾ ਕੇ
ਬੀਬੀਆਂ ਰੱਖ ਤਾ ਇਤਿਹਾਸ ਬਣਾ ਕੇ

ਤੁਰ ਪਿਆ ਬੰਦਾ ਵੱਲ ਸਰਹੰਦ
ਚਿਣੇ ਸਾਹਿਬਜ਼ਾਦੇ ਜਿਥੇ ਵਿਚ ਕੰਧ
ਬਦਲਾ ਸਰਹੰਦ ਜਾ ਐਸਾ ਚੁਕਾਇਆ
ਇੱਟ ਨਾਲ ਇੱਟ ਸਿੰਘਾਂ ਜਾ ਖੜਕਾਇਆ

ਰਾਜ ਖਾਲਸਾ ਜਦ ਫਿਰ ਆਇਆ
ਗੁਰਾਂ ਦੇ ਨਾ ਬੰਦੇ ਸਿੱਕਾ ਚਲਾਇਆ
ਐਸਾ ਜ਼ੁਲਮ ਦਾ ਕੀਤਾ ਸਫਾਇਆ
ਪਰਜਾ ਨੂੰ ਸੁਖ ਦਾ ਸਾਹ ਆਇਆ

ਬਹੁਤੇ ਅੱਜ ਜੋ ਸਿੰਘ ਅਖਵਾਉਂਦੇ
ਝੂਠੀਆਂ ਉਗਰਾਹੀਆਂ ਕਰ ਪੈਸੇ ਬਣਾਉਂਦੇ
ਸੱਚ ਦੇ ਮਾਰਗ ਜੋ ਗੁਰਾਂ ਚਲਾਇਆ
ਉਸਨੂੰ ਮੂਲੋਂ ਹੀ ਭਲਾਇਆ

ਮੌਜ ਮਸਤੀ ਕਰ ਭੰਗੜੇ ਪਾਉਂਦੇ
ਫੁਕਰੇ ਕਲਾਕਾਰਾਂ ਤੋਂ ਗੀਤ ਗਵਾਉਂਦੇ
ਕਰਦੇ ਪਾਰਟੀਆਂ ਨਸ਼ੇ ਪਿਲਾਉਂਦੇ
ਇਸ ਤਰ੍ਹਾਂ ਸਾਜਣਾ ਦਿਵਸ ਮਨਾਉਂਦੇ

ਮਾਣ ਜੋ ਵਿਰਸੇ ਦੇ ਵਿਚ ਪਾਇਆ
ਉਸਨੂੰ ਮਿੱਟੀ ਵਿਚ ਮਲਾਇਆ
ਕਹਿੰਦਾ ਸੁਭਾਨਪੁਰੀ ਵਿਰਸਾ ਨਾ ਭੁਲਿਓ
ਐਵੇ ਝੂਠੀ ਸ਼ੋਹਰਤ ਤੇ ਨਾ ਝੂਲਿਓ

## ਮਿੰਨੀ ਕਹਾਣੀ/ਜੀਵਨ-ਜੜ੍ਹਾਂ

"ਪ੍ਰੋਫੈਸਰ ਬਲਰਾਜ ! ਮੈਂ ਕਿੰਨੀ ਵਾਰ ਤੁਹਾਨੂੰ ਕਿਹਾ ਬਈ ਬੇਬੇ-ਬਾਪੂ ਪਿੰਡ ਜਾਣ ਨੂੰ ਕਾਹਲੇ ਨੇ। ਸ਼ਹਿਰ ਵਿੱਚ ਇਨ੍ਹਾਂ ਦਾ ਜ਼ਰਾ ਵੀ ਚਿੱਤ ਨਹੀਂ ਲਗਦੈ- ਹਰਦਮ ਪਿੰਡ -ਪਿੰਡ ਕਰਦੇ ਨੇ। ਚੰਗਾ ਹੋਵੇ ਇਨ੍ਹਾਂ ਨੂੰ ਉਥੇ ਭੇਜ ਦਿਓ- ਨਾਲੇ ਮੈਂ ਆਪਣੇ ਬੱਚਿਆਂ ਨੂੰ ਸੰਭਾਲਾਂ ਕਿ ਤੁਹਾਡੇ ਬੇਬੇ-ਬਾਪੂ ਦਾ ਬੁਢਾਪਾ...।" ਸ਼ਹਿਰ ਰਹਿੰਦੇ ਪ੍ਰੋਫੈਸਰ ਬਲਰਾਜ ਦੀ ਤੇਜ਼-ਤਰਾਰ ਪਤਨੀ ਜਸਮੀਤ ਉਸ ਦਿਨ ਸਵੇਰੇ ਸਾਜਰੇ ਹੀ ਉਸ ਨੂੰ ਜਿਵੇਂ ਆਪਣਾ ਹੁਕਮ ਸੁਣਾ ਰਹੀ ਸੀ।

ਪ੍ਰੋਫੈਸਰ ਬਲਰਾਜ ਨੈਤਿਕਤਾ ਅਤੇ ਨਿਮਰਤਾ ਦੇ ਸੁਮੇਲ ਸਹਿਤ ਪਤਨੀ ਨੂੰ ਸੰਬੋਧਿਤ ਹੋਇਆ, "ਭਾਗਵਾਨੇ ! ਕਿੰਨੀ ਵਾਰ ਸਮਝਾਇਆ ਕਿ ਘਰ ਦੇ ਮਾਹੌਲ ਨੂੰ ਸਾਵਾਂ-ਸੁਖਾਵਾਂ ਰੱਖਣ ਲਈ ਤੈਨੂੰ ਬਜ਼ੁਰਗ ਮਾਂ-ਬਾਪ ਨਾਲ ਅਡਜਸਟਮੈਂਟ ਕਰਨੀ ਪੈਣੀ ਏ। ਇਹ ਤਾਂ ਸਾਡਾ ਨੈਤਿਕ ਫਰਜ ਬਣਦੈ। ਸਾਡੇ ਬਿਨਾਂ ਇਨ੍ਹਾਂ ਵਿਚਾਰਿਆਂ ਨੂੰ ਭਲਾ ਕੌਣ ਸਾਂਭੂ। ਕੱਲ੍ਹ ਨੂੰ ਅਸੀਂ ਵੀ ਇਸੇ ਅਵਸਥਾ 'ਚੋਂ ਗੁਜ਼ਰਨਾ-ਕੀ ਸਾਡੇ ਜੰਮੇ-ਜਾਏ ਵੀ ਸਾਨੂੰ ਏਦਾਂ ਹੀ ਘਰੋਂ ਬਾਹਰ ਦਾ ਰਸਤਾ ਦਿਖਾਣਗੇ ਫਿਰ- ਜ਼ਰਾ ਦੂਰ-ਅੰਦੇਸ਼ੀ ਨਾਲ ਸੋਚਿਆ ਵਿਚਾਰਿਆ ਕਰ। ਜੋਸ਼ ਤੋਂ ਨਹੀਂ ਹੋਸ਼ ਤੋਂ ਕੰਮ ਲਈਦੈ- ਨਾਲੇ ਪਿੰਡ 'ਚ ਕੌਣ ਸੰਭਾਲਣ ਵਾਲਾ ਇਨ੍ਹਾਂ ਨੂੰ ਹੁਣ....?"

"ਜੇ ਪਿੰਡ ਵਿੱਚ ਨਹੀਂ ਸੰਭਾਲਣ ਵਾਲਾ ਇਨ੍ਹਾਂ ਨੂੰ ਤਾਂ ਸ਼ਹਿਰ ਵਿੱਚ ਬਥੇਰੇ ਬਿਰਧ-ਆਸ਼ਰਮ/ਓਲਡ ਏਜ਼ ਹੋਮ ਖੁੱਲ੍ਹੇ ਹੋਏ ਨੇ। ਇਨ੍ਹਾਂ ਨੂੰ ਵੀ ਛੱਡ ਆਓ ਉਥੇ- ਖ਼ਬਰਸਾਰ ਲੈਂਦੇ ਰਹਿਣਾ...।" ਜਸਮੀਤ ਇੰਜ ਖ਼ਫ਼ਾ ਤੇ ਬਾਜ਼ਿਦ ਜੇਹੀ ਹੋਈ ਪਈ ਸੀ, ਜਿਵੇਂ ਉਹ ਆਪਣੇ ਦਰ-ਦਰਵਾਜ਼ੇ ਤੇ ਦਸਤਕ ਦੇਣ ਵਾਲੇ ਬੁਢਾਪੇ ਤੋਂ ਬਿਲਕੁੱਲ ਬੇਖਬਰ ਹੋਵੇ।

ਸੂਝਵਾਨ ਪ੍ਰੋਫੈਸਰ ਬਲਰਾਜ ਆਪਣੀ ਪਤਨੀ ਨੂੰ ਅਸਲੀਅਤ ਭਰੀ ਨਸੀਅਤ ਦਿੰਦਿਆਂ ਬੋਲਿਆ, "ਅਸੀਂ ਸਭਿਅਕ ਸਮਾਜ ਵਿੱਚ ਰਹਿਣ ਵਾਲੇ ਸਧਾਰਨ ਮਨੁੱਖ ਹਾਂ ਝੱਲੀਏ ! ਏਦਾਂ ਸਰਕਾਰੀ ਹੁਕਮਰਾਨ ਬਣ ਕੇ ਘਰ-ਪਰਿਵਾਰ ਨ੍ਹੀਂ ਚੱਲਦੇ। ਸਾਡੇ ਮਾਂ-ਪਿਓ ਹੀ ਤਾਂ ਸਾਡੇ ਜੀਵਨ ਦੀਆਂ ਮਜ਼ਬੂਤ ਮੰਜ਼ਿਲਾਂ ਦੇ ਥੰਮ੍ਹ-ਦਮ ਹਨ... ਇਨ੍ਹਾਂ ਬਜ਼ੁਰਗਾਂ/ ਬਾਬੇ ਬੋਹੜਾਂ / ਬੋਧ-ਬਿਰਖਾਂ ਦੀਆਂ ਜ਼ਰਖੇਜ਼ ਜੜ੍ਹਾਂ ਦੀ ਬਦੌਲਤ ਹੀ ਅਸੀਂ ਜਵਾਨ ਹੋਏ ਬੂਟੇ ਹਾਂ- ਅਗਰ ਅਸੀਂ ਇਨ੍ਹਾਂ ਜੀਵਨ-ਜੜ੍ਹਾਂ ਨੂੰ ਹੀ ਕੱਟਣ-ਵੱਢਣ ਲੱਗ ਪਏ ਤਾਂ ਸਾਡੇ ਬੂਟਿਆਂ/ਬਿਰਖਾਂ ਦਾ ਕੀ ਬਣੂ !"



ਪਤੀ ਦੇ ਆਦਰਸ਼ਵਾਦੀ ਬੋਲ ਸੁਣ ਕੇ ਪਤਨੀ ਅਜੇ ਵੀ ਅਸੰਤੁਸ਼ਟ ਜੇਹੀ ਪ੍ਰਤੀਤ ਹੁੰਦੀ ਜਿਵੇਂ ਪਲਟਵਾਰ ਕਰਨ ਲਈ ਤਿਆਰ ਹੋਵੇ।

**ਸੁਰਿੰਦਰ ਮਕਸੂਦਪੁਰੀ**
234, ਸੁਦਰਸ਼ਨ ਪਾਰਕ,
ਮਕਸੂਦਾਂ, ਜਲੰਧਰ
ਮੋਬਾਇਲ : 99887-10234

# ਪ੍ਰਦੂਸ਼ਣ ਮੁਕਤ ਸਮਾਜ ਦੀ ਲੋੜ



ਮਨੁੱਖਤਾ ਅਤੇ ਫੁੱਲਾਂ ਦਾ ਸੰਬੰਧ ਮਨੁੱਖਤਾ ਨਾਲ ਕਿੰਨਾ ਹੀ ਪੁਰਾਣਾ ਏ। ਪੁਰਾਣੇ ਰਿਸ਼ੀ ਮੁਨੀ ਤਪੱਸਿਆ ਅਸਥਾਨ ਦੀ ਚੋਣ ਗਹਿਰੀ ਪੜਚੋਲ ਉਪਰੰਤ ਕਰਦੇ ਸਨ। ਉਨ੍ਹਾਂ ਦੀਆਂ ਝੌਂਪੜੀਆਂ ਦਰਿਆਵਾਂ ਦੇ ਕੰਢਿਆਂ ਜਾਂ ਪਹਾੜਾਂ ਦੀਆਂ ਵਾਦੀਆਂ ਵਿਚ ਹੁੰਦੀਆਂ ਸਨ। ਆਪਣੀ ਕੁਟੀਆ ਦਾ ਆਲਾ-ਦੁਆਲਾ ਉਹ ਰੰਗ-ਬਿਰੰਗੇ ਫੁੱਲਾਂ ਨਾਲ ਸਜਾ ਕੇ ਰੱਖਦੇ। ਉਹ ਇਸ ਫੁਲਵਾੜੀ ਨੂੰ 'ਵਾਟਿਕਾ' ਕਹਿੰਦੇ ਸਨ। ਇਸ ਛੋਟੀ ਜਿਹੀ ਫੁਲਵਾੜੀ ਦੇ ਮਾਹੌਲ ਦਾ ਉਹ ਵਿਹਲੇ ਸਮੇਂ ਆਨੰਦ ਮਾਣਦੇ। ਫੁੱਲਾਂ ਨਾਲ ਕੰਮ ਕਰਦਿਆਂ ਉਹ ਕਾਦਰ ਅਤੇ ਕੁਦਰਤ ਨੂੰ ਬਹੁਤ ਨੇੜੇ ਮਹਿਸੂਸਦੇ ਸਨ। ਪਾਣੀ ਦੀ ਉਪਲਭਤਾ ਕਾਫੀ ਘੱਟ ਸੀ, ਪੀਣ ਅਤੇ ਮੂੰਹ ਹੱਥ ਧੋਣ ਜੋਗਾ ਪਾਣੀ ਹੀ ਮਸਾਂ ਘਰਾਂ ਵਿਚ ਲਿਆਂਦਾ ਜਾਂਦਾ ਸੀ। ਫੇਰ ਵੀ ਮਹਿਕਾਂ ਭਰੇ ਮਨਮੋਹਣੇ ਫੁੱਲਾਂ ਨਾਲ ਹਾਰ-ਸ਼ਿੰਗਾਰ ਕਰਨਾ ਸਾਡੀ ਅਤਿ ਪੁਰਾਣੀ ਸੱਭਿਅਤਾ ਦਾ ਹਿੱਸਾ ਰਿਹਾ ਏ ਜਾਂ ਇਹ ਕਹਿ ਲਓ ਕਿ ਸਾਰੇ ਸੰਸਾਰ ਦੇ ਲੋਕ ਸਦਾ ਤੋਂ ਹੀ ਫੁੱਲਾਂ ਨਾਲ ਪਿਆਰ ਕਰਦੇ ਰਹੇ ਹਨ। ਪ੍ਰਾਹੁਣਿਆਂ ਨੂੰ ਫੁੱਲਾਂ ਦੇ ਹਾਰਾਂ ਨਾਲ ਨਿਵਾਜਣਾ ਸਾਡੀ ਇਕ ਪੁਰਾਤਨ ਰੀਤ ਹੈ।

ਫੁੱਲਾਂ ਦਾ ਗੁਲਦਸਤਾ ਮਹਿਬੂਬ ਨੂੰ ਪੇਸ਼ ਕਰਨਾ ਇਕ ਕੀਮਤੀ ਤੋਹਫ਼ੇ ਦੇ ਤੁਲ ਮੰਨਿਆ ਜਾਂਦਾ ਹੈ। ਰੁੱਸੀ ਹੋਈ ਮਹਿਬੂਬਾ ਨੂੰ ਮਨਾਉਣਾ ਹੋਵੇ ਤਾਂ ਇਕ ਖ਼ੂਬਸੂਰਤ ਰੰਗ-ਬਿਰੰਗੇ ਫੁੱਲਾਂ ਦਾ ਗੁਲਦਸਤਾ (ਬੁਕੇ) ਪੇਸ਼ ਕੀਤਾ ਜਾ ਸਕਦਾ ਹੈ। ਫੁੱਲਾਂ ਦੇ ਇਤਰ ਨਾਲ ਦਵਾ ਦਾਰੂ ਬਾਰੇ ਕਈ ਪੁਸਤਕਾਂ ਲਿਖੀਆਂ ਗਈਆਂ ਹਨ। ਫੁੱਲ ਮਨੁੱਖ ਦੀ ਰੂਹ ਨੂੰ ਉਪਰ ਉਛਾਲਦੇ ਨੇ। ਫੁੱਲ ਧਰਤੀ ਦੀਆਂ ਅਤਿ ਰੁਮਾਂਚਿਕ ਕਵਿਤਾਵਾਂ ਹਨ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਸੀਨੀਅਰ ਮੀਤ ਪ੍ਰਧਾਨ**
**98144-74535**




ਅੱਜਕਲ੍ਹ ਸਾਡੇ ਦੇਸ਼ ਵਿਚ ਵੀ ਘਰੇਲੂ ਫੁਲਵਾੜੀ ਹਰਮਨ ਪਿਆਰੀ ਹੋ ਰਹੀ ਹੈ ਉਂਜ ਪਿੰਡਾਂ ਵਿਚ ਘਰੇਲੂ ਫੁਲਵਾੜੀ ਦੇ ਚਿੰਨ੍ਹ ਅਜੇ ਤੀਕ ਵੀ ਆਮ ਨਹੀਂ ਮਿਲਦੇ। ਫਿਰ ਵੀ ਫੁੱਲਾਂ-ਬੂਟਿਆਂ ਅਤੇ ਫਲਦਾਰ ਰੁੱਖਾਂ ਦੀਆਂ ਪਨੀਰੀਆਂ ਦੀ ਗਿਣਤੀ ਆਏ ਦਿਨ ਵਧ ਰਹੀ ਹੈ, ਜਿਹੜਾ ਫੁੱਲ ਅਤੇ ਰੁੱਖ-ਪਿਆਰਿਆਂ ਲਈ ਹੌਂਸਲਾ ਅਫ਼ਜ਼ਾਈ ਭਰਿਆ ਤੱਥ ਹੈ। ਫੁੱਲਾਂ ਦੀਆਂ ਦੁਕਾਨਾਂ ਸਾਡੇ ਸ਼ਹਿਰਾਂ ਵਿਚ ਆਮ ਖੁਲ੍ਹ ਗਈਆਂ ਹਨ ਜਿਥੋਂ ਹਰ ਤਰ੍ਹਾਂ ਦੇ ਫੁੱਲ ਸਾਰੇ ਸਮਾਜਿਕ ਮੌਕਿਆਂ ਲਈ ਮਿਲ ਸਕਦੇ ਹਨ।

ਪ੍ਰਦੂਸ਼ਣ ਰਹਿਤ ਘਰੇਲੂ ਫੁਲਵਾੜੀ ਦੇ ਜਨਮ ਦੀ ਮੈਂ ਅਜੇ ਉਡੀਕ ਵਿਚ ਹਾਂ। ਆਪਣੇ ਘਰ ਅਸੀਂ ਕਿਸੇ ਕਿਸਮ ਦੇ ਜ਼ਹਿਰੀਲੇ ਰਸਾਇਣਾਂ ਦਾ ਛਿੜਕਾ ਨਹੀਂ ਕਰਦੇ ਅਤੇ ਰਸਾਇਣਿਕ ਖਾਦ ਦੀ ਵਰਤੋਂ ਤੋਂ ਪੂਰੀ ਤਰ੍ਹਾਂ ਪਰਹੇਜ਼ ਕਰਦੇ ਹਾਂ। ਘਰੇਲੂ ਫੁਲਵਾੜੀ ਮਨੁੱਖ ਅਤੇ ਕੁਦਰਤ ਦੀ ਸਾਂਝ ਦੀ ਪੂਰਣ ਤਸਵੀਰ ਏ। ਸਾਡੇ ਵਾਤਾਵਰਣ ਦਾ ਇਹ ਛੋਟਾ ਜਿਹਾ ਹਿੱਸਾ ਸਾਡੇ ਲਈ ਅਤੇ ਹੋਰ ਬਹੁਤ ਸਾਰੇ ਜੀਵ-ਜੰਤੂਆਂ ਲਈ ਲਾਹੇਵੰਦ ਸਿੱਧ ਹੋ ਸਕਦਾ ਹੈ। ਪਰ ਫੁਲਵਾੜੀ ਪ੍ਰਤੀ ਸਾਡੀ ਪਹੁੰਚ ਜਾਬਰਾਨਾ ਤੇ ਤਾਨਾਸ਼ਾਹੀ ਵਾਲੀ ਨਹੀਂ ਹੋਣੀ ਚਾਹੀਦੀ ਕਿਉਂਕਿ ਜ਼ਾਲਮਾਂ ਦਾ ਆਪਣਾ ਅੰਤ ਵੀ ਕੋਈ ਬਹੁਤ ਖੁਸ਼ਗਵਾਰ ਨਹੀਂ ਹੁੰਦਾ। ਅਸੀਂ ਜੇਕਰ ਆਪਣੇ ਆਲੇ-ਦੁਆਲੇ ਨੂੰ ਤਰ੍ਹਾਂ-ਤਰ੍ਹਾਂ ਦੇ ਕੀਟਨਾਸ਼ਕਾਂ, ਨਦੀਣਨਾਸ਼ਕਾਂ ਅਤੇ ਰਸਾਇਣਿਕ ਖਾਦਾਂ ਨਾਲ ਜ਼ਹਿਰੀਲਾ ਬਣਾ ਲਵਾਂਗੇ ਤਾਂ ਓਸੇ ਜ਼ਹਿਰ ਨਾਲ ਹੀ ਸਾਡਾ ਅੰਤ ਹੋਵੇਗਾ। ਮੈਂ ਫੁਲਵਾੜੀ ਵਿਚ ਕੰਮ ਕਰਦਿਆਂ ਸਭ ਦੁਨੀਆਂ ਦੇ ਸਭ ਫਿਕਰ ਭੁੱਲ ਜਾਂਦਾ ਹਾਂ ਅਤੇ ਆਪਣੇ ਆਪ ਨੂੰ ਉਸ ਅਕਾਲ ਪੁਰਖ ਦੇ ਅਤਿਅੰਤ ਨੇੜੇ ਮਹਿਸੂਸ ਕਰਦਾ ਹਾਂ। ਫੁਲਵਾੜੀ ਵਿਚ ਛੋਟੇ ਮੋਟੇ ਕੰਮ ਕਰਦਿਆਂ ਮੈਨੂੰ ਥਕਾਵਟ ਮਹਿਸੂਸ ਨਹੀਂ ਹੁੰਦੀ। ਮਾਨਸਿਕ ਅਤੇ ਸਰੀਰਕ ਸੰਤੁਲਨ ਕਾਇਮ ਤੇ ਸਥਿਰ ਰੱਖਣ ਲਈ ਬਗੀਚੀ ਵਿਚ ਕੰਮ ਕਰਨ ਨਾਲੋਂ ਹੋਰ ਕੋਈ ਚੰਗਾ ਕੰਮ ਨਜ਼ਰ ਨਹੀਂ ਆਉਂਦਾ। ਧਰਤੀ ਅਤੇ ਫੁੱਲਾਂ ਨਾਲ ਦੋਸਤੀ ਨਾ ਕੇਵਲ ਆਪਣੀ ਆਤਮਾ ਨਾਲ ਮਿੱਤਰਤਾ ਦੇ ਤੁਲ ਏ ਬਲਕਿ ਸਾਰੀ ਕਾਇਨਾਤ ਤੁਸਾਂ ਦੀ ਹੋ ਕੇ ਰਹਿ ਜਾਂਦੀ ਹੈ। ਇਕ ਸ਼ਰਤ ਏ ਕਿ ਘਰੇਲੂ ਫੁਲਵਾੜੀ ਆਰਥਿਕ ਲਾਭ ਹਾਨ ਤੋਂ ਰਹਿਤ ਹੋਵੇ।

# INVENTION AND IMPLEMENTATION OF THE WORLD WIDE WEB

**Joga Junior Singh**

Today, most of us use the internet of our computers, laptops, mobile phones etc. along with the world wide web. Here is the history of the world wide web and how it developed.

In 1980 Tim Berners-lee, an english independent contractor at the european Organization for Nuclear Research (EERN) in SWitzerland, buil ENQUIRE had a personal database and software models, but also a way to play with hypertext, each new page of information in ENQUIRE had to be linked to an exsting page.

Lee's contract in 1980 was until december, but in 1984 he returned to CERN in a permanent role and considered its problems of information management: physicists from around the world needed to share data, but lacked common machines and any shared presentation software.

Shortly after lee's return to CERN,TCPIIP protocols were installed on some key non-Unix machines at the institution, turning it into the largest internet site in Europe within a few years. As a result, CERN'S infrastructure was ready for lee to create the web.

Lee wrote a porposal in March 1989 for "a large hypertext database with typed links." although the proposal attracted little interest, lee was encouraged by his boss, Mike Sendall, to begin implementing his system on a newly acquired next (a company) workstation. He considered several names, including information Mesh, The infromation Mine, but settled on world wide web.

Lee found a supporter Robert (Ailiau, lee adn cailiau pitched lee's ideas to the europen conference of Hypertext Technology is september 1990, But found no vendors who could appreciate his vision of marrying hypertext with Internet.

By Christmas 1990, Lee had built all the tools necessary for a working web: the hypertext transfer protocol (HTTP) 0.9 the Hypertext Markup language (HTML), the first web browser (named world wide web), the first HTTP server sofware (CERN httpd), the first web server (http-Ninfo,cern,ch) and the first web pages that described the project itself. The browser accessed usenet newsgroups and ETP files.

Howerer, it runned only on Next, Nicoal sellow created a text browser, line Mode Browser, that runned on almost any computer, To encourage use within CERN, Bernad pollermann put the CERN telephone directory on the web.

Paul Kunz from california visited CERN in september 1991, and was inspired by the web. He brought the next software to california, where louise Addis adapted it for VM/CMS operating system on IBM mainframe as a way to display catalogs of online documents. This was the first web server outside of europe and the first in North-America. After this it spread in the rest of the world.

# Nice Lines

Er. Hardial Singh
Ghotra
Finance Secretary
of
BMSL Foundation



1. Don't educate your children to be rich,educate them to be happy. So when they grow up, they will know the value of things not the price.
2. Six best doctors in the worlds are:-(a) Sunlight (b) Rest (c) Exercise (d) Diet (e) Self Confidence (f) Friends. Maintain them in all stages and enjoy healthy life.
3. If you want to walk fast, walk alone, but if you want to walk far, walk together.
4. If you see the Moon, you see the beauty of God. If you see the Sun, you see the power of God, if you see the mirror; you see the best creation of God. So believe in yourself.
5. You are loved when you are born, you will be loved when you die. In between you have to manage.
6. The one who loves you will never leave you because even if there are 100 reasons to give up, he/she will find one reason to hold you.
7. Eat your food as your medicines, otherwise you have to eat medicines as your food.
8. If you knee before God, he stand up for you and when he stand up for you, no one can stand against you.
9. Beautiful things are not always good but good things are always beautiful.
10. Anger and wind both are equal. We will come to know how muchdamage occurred when they become calm.
11. Anyone can love a rose but no one loves a leaf that made the rose. So don't love someone who is beautiful but loves the one who can make your life beautiful.
12. Never blame any one in your life. Good people give you happiness, bad people give you experience, worst people give you a lesson and best people give you memories.



# MATRIMONIAL



Suitable match for Lobana Sikh boy born April 1988, 6'1.5" BE Engg. MBA(From IIM Colcutta), Asst. Vice President in private bank. Father retd. E.I.L Officer from Railway. Setteled at Gurgram. Required professionally qualified girl. Contact-9717622332

* * * * *

Suitable match for Vishvakarma Boy doing job in private sector. own house settled in Chandigarh age 30yr Height 5'6" Qualification BA. Caste no bar for suitable match. Contact-97809-55154,76961-08331

* * * * *

Suitable match for lobana Sikh Girl born 07-12-1991, 5'4" M.A,B.Ed from Punjab University Chandigarh, Job Punjabi Teacher. Contact-98150-09896

* * * * *

Suitable match for Lobana Boy D.O.B. 2-7-92. 6' doing M.D.S. (IIyr) oral & Maxillofacial surgery in Govt. Dental College, Father Doctor own Hospital. Mother Retd. Nursing Sister in Health Deptt. Elder Brother M.S. M.Ch. (Neuro Surgery). Sister M.B.B.S., M.S. (Obs & Gynae) married with M.S. M.Ch. (urology) Asst. Prof. Medical College) Family Having Rural & Urban property. Contact : 84273-72800, 98146-58701

* * * * *

Suitable match for Lobana girl (Widow (No Child)), born August 1986, Height 5'6", 10+2, ITI (3 years), Fair Color, Working in private sector in Mohali, Required boy working in Govt./Private/ Business family. Contact: - 97800-93687, 0172-2264384

* * * * *

Suitable match for Lobana Sikh girl born January 1991, Height 5'3", B.Tech. CSF Deemed University Murthal MBA IIT Delhi Working as Sr. Manager in Amazone. Cont-94161-94525

Beautiful qualified match for Lubana Sikh boy 5’7”, 8/90 born.Mech Engg, MBA GND university, UGC qualified,pursuing PhD Punjabi University, working Assistant Professor. Contact no 9646116016

* * * * *

Suitable Professionally qualified tall, salim match for Lubana Sikh Turbaned boy, 5’ 10”, Oct 1988 born, B Tech (MET) from Canada's leading University & Permanent Resident. Working in profession and belongs to well educated family. Seeking B Tech/M Tech, MCA, Msc (IT/CS) girl from similar family and background. Contact 8360616696, 8054957495

* * * * *

Wanted suitable doctor match for Lobana Doctor boy MS (Ortho.) from D Y Patil College & Hospital. Working at Delhi. Born on 03.04.1988 Hieght 6.1ft. Elder brother and sister married and settled in USA. Father retired Xen and mother retired Govt teacher. Family having urban and rural property. Contact : 9815815032.

* * * * *

Suitable match for Lubana Boy, Dec 1990, 6”. Serving as second officer in Merchant Navy, handsome salary. Father is S.D.O. (Civil) Punjab State Power Corporation Ltd., Mother is Home Maker and has one sister studying MSc (Honours) Chemistry. Agricultural Land 20 acres family well settled in Urban Area. Contact : 96461-19226, 84270-80416, 98724-45858

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਨ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁ.ਫਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦ.ਫਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਦਾਨ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 3-03-2018 ਤੋਂ 14-03-2018

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਜਗਮੋਹਨ ਸਿੰਘ<br>ਮਕਾਨ ਨੰ-390, ਸੈਕਟਰ-16 ਪੰਚਕੂਲਾ (ਹਰਿਆਣਾ) | 1000/- | 9466 | 03-03-2018 |
| 2. | ਸ. ਸੁਖਬੀਰ ਸਿੰਘ<br>ਮਕਾਨ ਨੰ. 578 ਆਰ.ਬੀ.ਆਈ. ਕਲੋਨੀ,<br>ਸੈਕਟਰ-30ਏ,ਚੰਡੀਗੜ੍ਹ | 100/- | 9467 | 05-03-2018 |
| 3. | ਸ੍ਰੀਮਤੀ ਚਰਨਜੀਤ ਕੌਰ<br>ਮਕਾਨ ਨੰ-141, ਸੈਕਟਰ-11, ਪੰਚਕੂਲਾ | 6000/- | 9468 | 09-03-2018 |
| 4. | ਸ. ਮਨਜੀਤ ਸਿੰਘ ਮੁਲਤਾਨੀ<br>ਮਕਾਨ ਨੰ-1005, ਸੈਕਟਰ-71, ਮੋਹਾਲੀ | 2100/- | ਐਚ-9469 | 14-03-2018 |
| 5. | ਸ. ਰਵਿੰਦਰ ਸਿੰਘ, ਸਕੱਤਰ ਬਾਬਾ ਮੱਖਣ<br>ਸ਼ਾਹ ਲੁਬਾਣਾ ਭਵਨ ਚੰਡੀਗੜ੍ਹ<br>ਮਕਾਨ ਨੰ-2092, ਸੈਕਟਰ-45ਸੀ, ਚੰਡੀਗੜ੍ਹ | 200/- | ਐਚ-9470 | 14-03-2018 |
| 6. | ਸ. ਜੀ.ਐਸ. ਮਨਿਹਾਸ<br>ਮੰ. ਨੰ-1027, ਸੈਕਟਰ- 71 ਮੋਹਾਲੀ | 200/- | ਐਚ-9471 | 14-03-2018 |
| 7. | ਲੈਕ. ਸ. ਗੁਲਸ਼ਨ ਕੁਮਾਰ ਸਿੰਘ<br>ਮਕਾਨ ਨੰ-3405, ਸੈਕਟਰ-40ਡੀ, ਚੰਡੀਗੜ੍ਹ | 200/- | ਐਚ-9472 | 14-03-2018 |
| 8. | ਸ. ਪ੍ਰੀਤਮ ਸਿੰਘ<br>ਮਕਾਨ ਨੰ-2827, ਸੈਕਟਰ-38ਸੀ, ਚੰਡੀਗੜ੍ਹ | 100/- | ਐਚ-9473 | 14-03-2018 |
| 9. | ਸ. ਹਰੀ ਸਿੰਘ<br>ਮਕਾਨ ਨੰ.33, ਫੇਸ-11, ਮੋਹਾਲੀ | 200/- | ਐਚ-9474 | 14-03-2018 |
| 10. | ਸ. ਪ੍ਰੀਤਮ ਸਿੰਘ ਭੋਪਾਲ | 100/- | ਐਚ-9475 | 14-03-2018 |
| 11. | ਸ. ਗੁਰਬਚਨ ਸਿੰਘ<br>ਮਕਾਨ ਨੰ. 2828, ਸੈਕਟਰ-47/ਸੀ ਚੰਡੀਗੜ੍ਹ | 100/- | ਐਚ-9476 | 14-03-2018 |

| | | | | |
|---|---|---|---|---|
| 12. | ਸ. ਪ੍ਰਤਾਪ ਸਿੰਘ | 100/- | ਐਚ-9477 | 14-03-2018 |
| | ਮਕਾਨ ਨੰ-5701, ਸੈਕਟਰ-38 ਵੈਸਟ ਚੰਡੀਗੜ੍ਹ | | | |
| 13. | ਸ. ਰੋਹੀ ਰਾਮ | 100/- | ਐਚ-9478 | 14-03-2018 |
| | ਮਕਾਨ ਨੰ-5702, ਸੈਕਟਰ-38 ਵੈਸਟ, ਚੰਡੀਗੜ੍ਹ | | | |
| 14. | ਸ. ਗੁਰਦੇਵ ਸਿੰਘ ਠੇਕੇਦਾਰ | 500/- | ਐਚ-9479 | 14-03-2018 |
| | ਮਕਾਨ ਨੰ-1221, ਸੈਕਟਰ-36 ਚੰਡੀਗੜ੍ਹ | | | |
| 15. | ਸ. ਜਗੀਰ ਸਿੰਘ ਲਾਲੀਆ | 500/- | ਐਚ-9480 | 14-03-2018 |
| | ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ | | | |
| | ਸੈਕਟਰ-30ਏ,ਚੰਡੀਗੜ੍ਹ, ਮਕਾਨ ਨੰ-1838, ਫੇਸ-7, ਐਸ.ਏ.ਐਸ. ਨਗਰ (ਮੋਹਾਲੀ) | | | |
| 16. | ਸ. ਬਲਵਿੰਦਰ ਸਿੰਘ ਮੁਲਤਾਨੀ | 500/- | ਐਚ-9481 | 14-03-2018 |
| | ਸੀਨੀਅਰ ਵਾਇਸ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ, # 541, ਫੇਸ-3 , ਮੋਹਾਲੀ | | | |
| 17. | ਸ. ਰਾਜਿੰਦਰ ਪਾਲ ਸਿੰਘ | 100/- | ਐਚ-9482 | 14-03-2018 |
| | ਮਕਾਨ ਨੰ, 3134 ਸੈਕਟਰ-38ਸੀ, ਚੰਡੀਗੜ੍ਹ | | | |
| 18. | ਸ. ਹਿੰਮਤ ਸਿੰਘ | 100/- | ਐਚ-9483 | 14-03-2018 |
| | ਮਕਾਨ ਨੰ. 2051, ਸੈਕਟਰ-21ਸੀ, ਚੰਡੀਗੜ੍ਹ | | | |
| 19. | ਸ. ਹਰਦਿਆਲ ਸਿੰਘ ਘੋਤੜਾ | 200/- | ਐਚ-9484 | 14-03-2018 |
| | ਵਿੱਤ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ | | | |
| | ਮਕਾਨ ਨੰ-11, ਸੰਗਮ ਇਨਕਲੇਵ, ਸੈਕਟਰ-48ਏ, ਚੰਡੀਗੜ੍ਹ | | | |
| 20. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ | 1100/- | ਐਚ-9485 | 14-03-2018 |
| | ਜਨਰਲ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ, ਫਾਉਂਡੇਸ਼ਨ, ਸੈਕਟਰ-30ਏ ਚੰਡੀਗੜ੍ਹ | | | |
| | ਮਕਾਨ ਨੰ-2218, ਸੈਕਟਰ-38ਸੀ. ਚੰਡੀਗੜ੍ਹ | | | |
| 21. | ਕਰਨਲ ਬਲਬੀਰ ਸਿੰਘ | 500/- | ਐਚ-9486 | 14-03-2018 |
| | ਮਕਾਨ ਨੰ.-1162, ਸੈਕਟਰ-71, ਮੋਹਾਲੀ | | | |
| 22. | ਸ. ਰਾਜਪਾਲ ਸਿੰਘ | 1100/- | ਐਚ-9487 | 14-03-2018 |
| | ਮਕਾਨ ਨੰ-43, ਐਨ.ਐਸ.ਸੀ. ਸ਼ਿਵਾਲਿਕ ਮਨੀਮਾਜਰਾ | | | |
| 23. | ਸ. ਜੇ.ਪੀ. ਵਰਮਾ | 200/- | ਐਚ-9488 | 14-03-2018 |
| | ਮਕਾਨ ਨੰ-3459, ਸੈਕਟਰ-40ਡੀ ਚੰਡੀਗੜ੍ਹ | | | |
| 24. | ਗੁਪਤ ਦਾਨ | 100/- | ਐਚ-9489 | 14-03-2018 |
| 25. | ਸ਼੍ਰੀ ਓਮ ਕੁਮਾਰ, ਪੁੱਤਰ ਸ਼੍ਰੀ ਰਾਮ ਕੁਮਾਰ | 500/- | ਐਚ-9490 | 14-03-2018 |
| | ਠੇਕੇਦਾਰ ਕਨਟੀਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਸੈਕਟਰ 30ਏ, ਚੰਡੀਗੜ੍ਹ | | | |

# ਗੁਰੂ ਲਾਧੋ ਰੇ ਗੁਰਦੁਆਰਾ ਸਾਹਿਬ ਨਰਾਇਣਗੜ੍ਹ ਵਿਚ ਧਾਰਮਿਕ ਪ੍ਰੋਗਰਾਮ ਦਾ ਦ੍ਰਿਸ਼











Regd No. 32212/78 Postal No.-- G/CHD/0111/2018-2020

# Working Committee Meeting on 31-03-18



